੨੯ਵਾਂ ਸਾਲ

# ਵਰਿਆਮ

ਫਰਵਰੀ, ੨੦੦੪




ਸੁਰ ਨਾਦ ਮਿਊਜ਼ਿਕ ਅਕੈਡਮੀ ਵਲੋਂ ਲੰਡਨ ਵਿਚ
ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਉਤਸਵ ਦਾ ਆਰੰਭ

Namdhari Elibrary NamdhariElibrary@gmail.com



ਪਿਛਲੇ ਦਿਨੀਂ ਸਿਡਨੀ ਅਸਟ੍ਰੇਲੀਆ ਤੋਂ ਭਾਰਤੀ ਸ਼ਾਸਤ੍ਰੀ ਅਤੇ ਲੋਕ ਸੰਗੀਤ ਉੱਤੇ ਇਕ
ਦਸਤਾਵੇਜ਼ੀ ਫਿਲਮ ਬਨਾਉਣ ਵਾਸਤੇ ਸ. ਤਰਲੋਚਨ ਸਿੰਘ ਅਤੇ ਜੇਮਜ਼ ਰਿਕਟਸਨ ਸ੍ਰੀ ਭੈਣੀ ਸਾਹਿਬ ਆਏ।
ਤਸਵੀਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗਤ ਵਿਚ ਬੈਠੇ ਦਿਸ ਰਹੇ ਹਨ।



ਹਰਬਲਭ ਸੰਗੀਤ ਸੰਮੇਲਨ ਦੇ ਅੰਤਲੇ ਦਿਨ ਪੰਡਿਤ ਰਾਜਨ ਸਾਜਨ ਮਿਸ਼ਰਾ ਸਮਾਪਤੀ ਤੇ
ਗਾਇਨ ਕਰਦੇ ਹੋਏ। ਸ੍ਰੋਤਿਆਂ ਵਲੋਂ ਫੁਲ-ਪੱਤੀਆਂ ਦੀ ਬਰਖਾ।

Namdhari Elibrary NamdhariElibrary@gmail.com

# ਵਰਿਆਮ


ਫਰਵਰੀ-੨੦੦੪

ਜਿਲਦ-੨੯

ਅੰਕ-੪



ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-ਦਫਤਰ : ੨੨੨੨੫੪੩ | Ph. : 2222543 (O) |
| ਘਰ : ੨੪੫੬੨੮੯ | 2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੬੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ ਅਮਰੀਕੀ ਹਵਾਈ ਡਾਕ ਰਾਹੀਂ |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ---------- ੨
ਕੂਕੇ ਸ਼ਹੀਦਾਂ ਦੀ ਸ਼ਨਾਖਤ
—*ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ* ---- ੫
ਪ੍ਰੋ. ਪੂਰਨ ਸਿੰਘ ਕਾਵਿ ਦਾ ਪ੍ਰਬੰਧ ਰੂਪਾਂਤਰਕਾਰ—ਪ੍ਰੋ. ਕਸੇਲ
—*ਡਾ. ਕੁਲਵੰਤ ਕੌਰ* -------- ੯
ਤਬਲੇ ਦਾ ਜਾਦੂਗਰ—ਉਸਤਾਦ ਅੱਲਾ ਰੱਖਾ
—*ਬਲਬੀਰ ਸਿੰਘ ਕੰਵਲ* ---- ੧੧
ਪ੍ਰਸੰਸਾ ਦੇ ਬੇ-ਬੋਲ ਸ਼ਬਦ—*ਵਰਿਆਮ ਸਿੰਘ ਸੰਧੂ* ---- ੧੮
ਵਧਦਾ ਡੇਰਾਵਾਦ—ਜੌਰਾਸੀ ਡੇਰੇ ਸੰਬੰਧੀ ਜਾਣਕਾਰੀ
—*ਸ. ਤਰਲੋਚਨ ਸਿੰਘ* ---------- ੨੦
ਇਹ ਕਵਿਤਾ—*ਸ਼ਿਵਨਾਥ* ---------- ੨੩
ਰੁਬਾਈਆਂ—*ਬਿਸਮਿਲ ਫਰੀਦਕੋਟੀ* ---------- ੨੩
ਬਾਰਾਂ ਮਾਹ ਮਨੁੱਖ ਦਾ—*ਸੁਵਰਨ ਸਿੰਘ ਵਿਰਕ* ------ ੨੪
ਰੰਗ ਦੇਖਿਆ, ਨੀ ਜਿੰਦੇ—*ਅਜੈਬ ਸਿੰਘ* ---------- ੨੭
ਰੁਬਾਈਆਂ—*ਨਵਰਾਹੀ ਘੁਗਿਆਣਵੀ* ---------- ੨੭
ਸ਼ਹੀਦ ਵਰਿਆਮ ਸਿੰਘ—*ਪ੍ਰਿੰ. ਅਜੀਤ ਸਿੰਘ ਚੀਮਾ* -- ੨੮
ਜਿੰਦ ਧਰਮ ਤੋਂ ਘੋਲ ਘੁਮਾ ਦਿਆਂਗੇ
—*ਜਸਵਿੰਦਰ ਸਿੰਘ ਭਿੰਡਰ* ---------- ੨੯
ਲਹਿਰਾਂ—*ਦਲਬੀਰ ਸਿੰਘ ਤਰਸ* ---------- ੩੦
ਤਿੰਨ ਸਨਿਆਸੀ—*ਤਾਲਸਤਾਏ* ---------- ੩੧
ਲੱਖ ਵਾਰ ਮੈਂ ਕਰਾਂ ਪ੍ਰਣਾਮ—*ਸੂਬਾ ਗੁਰਦਿਆਲ ਸਿੰਘ* - ੩੫
ਖੁਸ਼ੀਆਂ ਗੁਰਦਰਸ਼ਨਾਂ ਦੀਆਂ..—*ਮਾ. ਅਮਰੀਕ ਸਿੰਘ* - ੩੭
ਖ਼ਬਰਨਾਮਾ ---------- ੪੧
ਪ੍ਰਤੀਕਿਰਿਆ ---------- ੪੫


ਮਨੁੱਖ ਆਪਣੀ ਜ਼ਿੰਦਗੀ ਦੇ ਦੋ ਸਭ ਤੋਂ ਅਹਿਮ ਵਾਕਿਆਤ ਬਾਰੇ ਅਣਜਾਣ ਹੁੰਦਾ ਏ—ਇਕ ਉਹਦਾ ਜਨਮ ਦੂਜਾ ਉਹਦੀ ਮੌਤ। ਪਹਿਲਾ ਹਾਦਸਾ ਗ਼ਫ਼ਲਤ ਵਿਚ ਵਾਪਰ ਜਾਂਦਾ ਏ; ਦੂਜਾ ਜਦੋਂ ਵਾਪਰਦਾ ਏ, ਉਹਨੂੰ ਬਿਆਨ ਕਰਨ ਵਾਲਾ ਗਾਇਬ ਹੋ ਜਾਂਦਾ ਹੈ। ਹਵਾ ਹਵਾ ਵਿਚ, ਪਾਣੀ ਪਾਣੀ ਵਿਚ, ਮਿੱਟੀ ਮਿੱਟੀ ਵਿਚ। ਪੁੱਛਦੇ ਰਹੋ ਹਵਾ ਕੋਲੋਂ, ਤੇ ਪਾਣੀ ਕੋਲੋਂ ਤੇ ਮਿੱਟੀ ਕੋਲੋਂ। ਗੂੰਗੇ ਬੋਲੇ ਅਸਮਾਨ ਕੋਲੋਂ।

—*ਅਜੀਤ ਕੌਰ "ਖ਼ਾਨਾਬਦੋਸ਼"*




Namdhari Elibrary NamdhariElibrary@gmail.com

# ਜਨਤਾ ਵਿਚਾਰੀ

ਪਿਛੇ ਜਿਹੇ ਚਾਰ ਸੂਬਿਆਂ ਵਿਚ ਹੋਈਆਂ ਵਿਧਾਨ ਸਭਾਵਾਂ ਦੀ ਚੋਣਾਂ ਵਿਚ ਕੇਂਦਰ ਦੇ ਸਿੰਘਾਸਨ ਤੇ ਬਿਰਾਜਮਾਨ ਭਾਰਤੀ ਜੰਤਾ ਪਾਰਟੀ ਨੇ ਕਾਂਗਰਸ ਤੋਂ ਤਿੰਨ ਸੂਬਿਆਂ ਵਿਚੋਂ ਸੱਤਾ ਖੋਹ ਲਈ ਹੈ।

ਇਸੇ ਹੀ ਜਿੱਤ ਦੇ ਹੁਲਾਰੇ ਵਿਚ ਹੁਣ ਲੋਕ ਸਭਾ ਵਾਸਤੇ ਚੋਣਾਂ ਵਕਤ ਤੋਂ ਪਹਿਲਾਂ ਹੀ ਕਰਾਉਣ ਦੀਆਂ ਹਦਾਇਤਾਂ ਸਰਕਾਰ ਨੂੰ ਜਾਰੀ ਕਰ ਦਿੱਤੀਆਂ ਗਈਆਂ ਹਨ। ਭਾਰਤ ਵਿਚ ਲੋਕ ਰਾਜ ਹੈ, ਲੋਕਾਂ ਦਾ ਜਾਂ ਜੰਤਾ ਦਾ ਰਾਜ। ਜੰਤਾ ਦੇ ਰਾਜ ਦੀ ਹਕੀਕਤ ਤਾਂ ਸਭ ਜਾਣਦੇ ਹਨ ਪਰ ਮਿਰਜ਼ਾ ਗ਼ਾਲਿਬ ਦੇ ਸ਼ੇਅਰ ਵਾਂਗ ਖਿਆਲ ਮਾੜਾ ਨਹੀਂ।

ਹਮ ਜਾਨਤੇ ਹੈਂ ਜੰਨਤ ਕੀ ਹਕੀਕਤ ਲੇਕਿਨ<br>
ਦਿਲ ਕੇ ਬਹਿਲਾਣੇ ਕੋ ਗਾਲਿਬ ਖਿਆਲ ਅੱਛਾ ਹੈ

ਨਵੀਆਂ ਚੋਣਾਂ ਦੀ ਤਿਆਰੀ ਵਿਚ ਹਕੂਮਤਾਂ (ਦੋਹਾਂ ਪਾਰਟੀਆਂ ਦੀਆਂ) ਵਲੋਂ ਲੋਕਾਂ ਵਾਸਤੇ ਨਿਵਾਜ਼ਸ਼ਾਂ ਦੇ ਦਰ ਖੋਹਲ ਦਿੱਤੇ ਗਏ ਹਨ। ਹਰ ਰੋਜ਼ ਨਵੇਂ ਤੋਂ ਨਵੇਂ ਗੱਫੇ ਦੇਣ ਦੇ ਐਲਾਨ ਹੋ ਰਹੇ ਹਨ। ਇਲੈਕਸ਼ਨ ਦੀ ਰੁੱਤ ਹੀ ਐਸੀ ਹੈ। ਇਕ ਸ਼ਾਇਰ ਮੁਲਖ ਰਾਜ ਦੇ ਨਾਂਅ ਇਹ ਕਾਵ ਟੁਕੜਾ ਲਗਦਾ ਹੈ—

ਆ ਗਏ ਦਿਨ ਫੇਰ ਲਾਰੇ ਲਾਉਣ ਦੇ<br>
ਪਿਛਲੇ ਕੀਤੇ ਸਭ ਗੁਨਾਹ ਬਖਸ਼ਾਉਣ ਦੇ<br>
ਫੇਰ ਗਰੀਬੀ ਨੂੰ ਬਣਾ ਕੇ ਛਣਕਣਾ<br>
ਹਰ ਗਲੀ ਹਰ ਮੋੜ ਤੇ ਛਣਕਾਉਣਗੇ

ਅੱਜ ਦੀਆਂ ਚੋਣਾਂ ਵਿਚ ਬਹੁਤ ਸਾਰੀਆਂ ਹੋਰ 'ਪਾਰਟੀਆਂ' ਵੀ ਸ਼ਾਮਲ ਨੇ। ਇਹਨਾਂ ਚੋਂ ਇਕ ਪ੍ਰਮੁੱਖ ਪਾਰਟੀ ਹੈ ਮੀਡੀਆ ਵਾਲਿਆਂ ਦੀ। ਅਖਬਾਰਾਂ, ਰੇਡੀਓ, ਟੈਲੀਵੀਜਨ ਦੇ ਵੱਖ-ਵੱਖ ਚੈਨਲ। ਪਰਦੇ ਉੱਤੇ ਮੁੜ ਮੁੜ ਉਹ ਲੀਡਰ ਆਉਣਗੇ ਜੋ ਆਪਣੀ ਵਾਰਤਾਲਾਪੀ ਕਲਾ ਨਾਲ ਲੋਕਾਂ ਦਾ ਮਨੋਰੰਜਨ ਕਰਨਗੇ। ਕੋਈ ਸਵਾਲ ਪੁੱਛ ਲਵੋ ਉਹਦਾ ਜਵਾਬ ਹਾਜ਼ਰ ਹੋਵੇਗਾ। ਹਾਰ ਰਿਹਾ ਬੰਦਾ ਵੀ ਨਹੀਂ ਮੰਨੇਗਾ ਕਿ ਹਾਰ ਰਿਹਾ ਹੈ। ਸਾਰੇ ਸਾਲ ਜੰਤਾ ਨੂੰ ਬੁਧੂ ਬਨਾਉਣ ਵਾਲੇ ਲੀਡਰ ਜੰਤਾ ਦੀਆਂ ਸਿਫਤਾਂ ਕਰਣਗੇ ਅਤੇ ਸਾਰੇ ਸਾਲ ਬੁਧੂ ਬਣੀ ਰਹੀ ਵਿਚਾਰੀ ਜੰਤਾ ਇਹ ਵਾਰਤਾਲਾਪ ਵੇਖ ਸੁਣ ਕੇ ਖੁਸ਼ ਹੋਵੇਗੀ। ਇਹਨਾਂ ਨੇਤਾਵਾਂ ਦੇ ਮੁਕਾਬਲੇ ਅਭਿਨੇਤਾ ਕੀ ਸ਼ੈਅ ਨੇ! ਅਭਿਨੇਤਾ ਤਾਂ ਬੜੀ ਤਿਆਰੀ ਨਾਲ ਕਿਸੇ ਦੇ ਲਿਖੇ ਵਾਰਤਾਲਾਪ ਬੋਲਦਾ ਹੈ, ਕਿਸੇ ਦੀ ਹਦਾਇਤ ਤੇ ਗੱਲ ਕਰਦਾ ਹੈ ਸਭ ਕੁਝ ਨਿਸਚਿਤ ਹੁੰਦਾ ਹੈ ਪਰ ਨੇਤਾ ਲੋਕ ਤਾਂ ਮੌਕੇ ਤੇ ਹੀ ਸਭ ਕੁਝ ਘੜਦੇ ਹਨ, ਵਾਰਤਾਲਾਪ ਵੀ ਭਾਸ਼ਨ ਵੀ ਮੁਸਕਾਨ ਵੀ ਹੈਰਾਨੀ ਵੀ ਤੇ ਖੁਸ਼ੀ ਦੇ ਸੰਕੇਤ ਵੀ। ਲੀਡਰ ਦੇ ਇਸ ਲਛਣ ਨੂੰ ਪੰਜਾਬੀ ਕਵੀ ਬਰਕਤ ਰਾਮ ਯੁਮਨ ਨੇ ਇਕੋ ਸ਼ੇਅਰ ਵਿਚ ਬਹੁਤ ਸਮਾਂ ਪਹਿਲਾਂ ਕਲਮਬੰਦ ਕੀਤਾ ਸੀ।

"ਹਰ ਲੀਡਰ ਦੀ ਤਕਰੀਰ ਅੰਦਰ, ਰੌਲਾ ਏ ਆਪਣੀ ਚੌਧਰ ਦਾ<br>
ਇਕੋ ਅਫਸਾਨੇ ਨੇ ਸਾਰੇ ਉਨਵਾਨ ਬਦਲਦੇ ਰਹਿੰਦੇ ਨੇ"

ਆਮ ਆਦਮੀ, ਜੰਤਾ, ਵੋਟਰ, ਮਤਦਾਤਾ ਨੂੰ ਸਰ ਕਰਨ ਵਾਸਤੇ ਹੋਰ ਪਾਸਿਓਂ ਹੀ ਗੋਲਾਬਾਰੀ ਹੋਵੇਗੀ। ਅਖਬਾਰਾਂ ਵਿਚ ਜੋਤਸ਼ੀਆਂ ਦੀ ਭਵਿਖ ਬਾਣੀਆਂ, ਓਪਨੀਅਨ ਪੋਲਾਂ ਦੀ ਭਵਿੱਖ ਬਾਣੀਆਂ ਅਤੇ ਟੀ.ਵੀ. ਚੈਨਲਾਂ ਦੇ ਸਰਵੇਖਣ ਅਤੇ ਕੁਮੈਂਟਰੀਆਂ ਅਖਬਾਰਾਂ, ਟੀ.ਵੀ. ਤੇ ਮਹਿੰਗੇ ਇਸ਼ਤਿਹਾਰ, ਇਹ ਸਭ ਕੁਝ ਇਲੈਕਸ਼ਨ ਕਮਿਸ਼ਨ ਦੀਆਂ ਰੋਕਾਂ, ਹਦਾਇਤਾਂ ਦੇ ਬਾਵਜੂਦ ਬਹੁਤ ਸਫਾਈ ਨਾਲ ਹੋਵੇਗਾ। ਕਈ ਚੈਨਲ ਵੀ ਬਹੁਤ ਬਾਰੀਕੀ ਨਾਲ ਪਲੜਾ ਟਿਲਟ ਕਰਨ ਵਿਚ ਸ਼ਾਮਲ ਹੁੰਦੇ ਹਨ। ਸਪੀਚਾਂ ਦੀ ਹਿਕਮਤ ਅਮਲੀ ਬਾਰੇ ਅਕਬਰ ਇਲਾਹਾਬਾਦੀ ਨੇ ਬਹੁਤ ਚਿਰ ਪਹਿਲਾਂ ਕਹਿ ਦਿੱਤਾ ਸੀ।



Namdhari Elibrary NamdhariElibrary@gmail.com

ਵੋ ਰੋਏ ਬਹੁਤ ਸਪੀਚੋਂ ਮੇਂ ਹਿਕਮਤ ਇਸ ਕੋ ਕਹਿਤੇ ਹੈਂ
ਮੈਂ ਸਮਝਾ ਖੈਰ ਖਾਹ ਉਨ ਕੋ ਹਿਮਾਕਤ ਇਸ ਕੋ ਕਹਿਤੇ ਹੈਂ

ਸਾਡਾ ਸਿਆਸੀ ਸਿਸਟਮ ਲੋਕ ਰਾਜੀ ਹੈ, ਲੋਕਾਂ ਦੀ ਬਹੁ ਗਿਣਤੀ ਦਾ ਰਾਜ। ਇਹ ਲੋਕਾਂ ਦੀ ਰਾਇ ਤੇ ਆਧਾਰਤ ਦਸਿਆ ਜਾਂਦਾ ਹੈ, ਪਰ ਕਮਾਲ ਇਹ ਹੈ ਕਿ ਲੋਕ ਆਮ ਤੌਰ ਤੇ ਜਿਸ ਵਿਅਕਤੀ ਬਾਰੇ ਚੰਗੀ ਰਾਏ ਨਹੀਂ ਵੀ ਰਖਦੇ, ਜੋ ਬਾਹੂਬਲੀ ਹੋਵੇ, ਲੱਠ ਮਾਰ, ਗੋਲੀ ਮਾਰ ਅਤੇ ਇਥੋਂ ਤੱਕ ਕਿ ਬਲਤਾਕਾਰੀ ਹੀ ਹੋਵੇ, ਦਿਨ ਦਿਹਾੜੇ ਲੋਕਾਂ ਦੀ ਧਨ ਸੰਪਤੀ ਤੇ ਡਾਕੇ ਮਾਰ ਰਿਹਾ ਹੋਵੇ ਜਾਂ ਸਿੱਕੇ ਬੰਦ ਡਾਕੂ ਵੀ ਹੋਵੇ ਉਹ ਕਾਮਯਾਬ ਹੋ ਜਾਂਦਾ ਹੈ ਅਤੇ ਸ਼ਰੀਫ, ਮੰਨਿਆ ਹੋਇਆ ਪੜ੍ਹਿਆ ਲਿਖਿਆ ਸਾਊ ਬੰਦਾ ਹਾਰ ਵੀ ਜਾਂਦਾ ਹੈ। ਦਵਿੰਦਰ ਜੋਸ਼ ਸ਼ਾਇਰ ਦਾ ਇਕ ਵਿਅੰਗ ਮਈ ਸ਼ਿਅਰ ਸ਼ਾਇਦ ਏਸੇ ਸਥਿਤੀ ਨੂੰ ਬਿਆਨ ਕਰਦਾ ਹੈ।

ਲੋਕਾਂ ਦਾ ਰਾਜ ਹੈ ਇਹ ਤੇ ਲੋਕ ਰਾਜ ਅੰਦਰ
ਬੰਦਾ ਮਹਾਨ ਕੋਈ ਤੇ ਕਾਮਯਾਬ ਕੋਈ।

ਜੰਤਾ ਜਨਾਰਧਨ ਨੇ ਇਕ ਆਪਣਾ ਹੀ ਤੰਤਰ ਬਣਾਇਆ ਹੈ। ਰਿਸ਼ਵਤ ਖੋਰੀ ਬਲੈਕ ਮਾਰਕਿਟ, ਨਾਜਾਇਜ਼ ਧੰਦਿਆਂ ਦੇ ਖਿਲਾਫ ਵੀ ਹੈ ਅਤੇ ਇਸ ਨੂੰ ਕਾਇਮ ਰੱਖਣ ਅਤੇ ਵਧਾਉਣ ਵਾਲੀ ਵੀ ਜੰਤ ਆਪ ਹੈ। ਜਿਨ੍ਹਾਂ ਲੋਕਾਂ ਨੂੰ ਸਮਾਜ ਦੇ ਮਗਰਮੱਛ ਆਖਦੀ ਹੈ ਉਹ ਹੀ ਇਸ ਦੇ ਹੀਰੋ ਹਨ। ਜਿਨਾਂ ਵੱਡਾ ਕਿਸੇ ਨੇ ਘੋਟਾਲਾ ਕੀਤਾ ਹੁੰਦਾ ਹੈ ਉਨਾਂ ਵੱਡਾ ਹੀ ਉਹਦਾ ਰੁਤਬਾ ਹੁੰਦਾ ਹੈ। ਪੁਲਿਸ ਦੇ ਘੇਰੇ ਵਿਚ, ਅਦਾਲਤਾਂ ਵਿਚ ਆਉਂਦਾ ਜਾਂਦਾ, ਪੁਲਿਸ ਦੀਆਂ ਗੱਡੀਆਂ ਵਿਚ ਬੈਠਦਾ ਉਹ ਇੰਟਰਵਿਊ ਦੇਂਦਾ ਹੈ ਅਤੇ ਘਰ ਘਰ ਇਹ ਸਾਰਾ ਕੁਝ ਵਿਖਾਇਆ ਜਾਂਦਾ ਹੈ। ਜਿਸ ਨੇ ਜੰਤਾ ਦੇ ਹੱਕਾਂ ਤੇ ਡਾਕਾ ਮਾਰਿਆ ਹੁੰਦਾ ਹੈ, ਜੰਤਾ ਜਿਸ ਦੇ ਖੂਨ ਦੀ ਪਿਆਸੀ ਹੁੰਦੀ ਹੈ, ਉਸੇ ਦੇ ਹੱਕ ਵਿਚ ਹੀ ਉਹ ਖਲੋਤੀ ਹੁੰਦੀ ਹੈ ਹੱਥਾਂ ਵਿਚ ਫੁੱਲਾਂ ਦੇ ਹਾਰ ਲੈ ਕੇ। ਪਰ ਜੰਤਾ ਵਿਚਾਰੀ ਕੀ ਕਰੇ। ਉਹ ਹਰ ਵਾਰ ਬੁਧੂ ਬਣਦੀ ਹੈ ਸਿਆਣੀ ਅਖਵਾ ਕੇ। ਜਦੋਂ ਜੰਤਾ ਨੂੰ ਰਾਜ ਸਿੰਘਾਸਨ ਤੇ ਤਿਲਕ ਲਾਉਣ ਦਾ ਐਲਾਨ ਹੋ ਰਿਹਾ ਹੁੰਦਾ ਹੈ, ਉਦੋਂ ਹੀ ਤਾਂ ਉਹ ਲੁੱਟੀ ਜਾਂਦੀ ਹੈ। ਹਿੰਦੀ ਦੇ ਪ੍ਰਸਿੱਧ (ਹਾਸ-ਵਿਅੰਗ ਦੇ) ਕਵੀ ਸੁਰਿੰਦਰ ਸ਼ਰਮਾ ਦੀ ਕਵਿਤਾ ਦੇ ਦੋ ਬੰਦਾਂ ਦਾ ਪੰਜਾਬੀ ਅਨੁਵਾਦ ਹੈ ਜਿਸ ਵਿਚ ਪੌਰਾਣਿਕ ਤਸ਼ਬੀਹਾਂ ਨਾਲ ਜੰਤਾ ਦਾ ਹਾਲ ਲਿਖਿਆ ਹੈ—

ਰਾਜਾ ਰਾਮ ਹੋਵੇ ਜਾਂ ਰਾਵਣ
ਕੋਈ ਫਰਕ ਨਹੀਂ ਪੈਂਦਾ
ਜਨਤਾ ਤਾਂ ਵਿਚਾਰੀ ਸੀਤਾ ਹੈ
ਰਾਜਾ ਰਾਵਣ ਹੋਵੇਗਾ ਤਾਂ
ਬਨਵਾਸ ਤੇ ਗਈ,
ਜ਼ਬਰਦਸਤੀ ਉਠਾ ਲਈ ਜਾਵੇਗੀ
ਰਾਜਾ ਰਾਮ ਹੋਵੇਗਾ ਤਾਂ ਜ਼ਬਰਦਸਤੀ
ਬਨਬਾਸ ਭੇਜ ਦਿੱਤੀ ਜਾਵੇਗੀ।

ਰਾਜਾ ਦਰਯੋਧਨ ਹੋਵੇ ਜਾਂ ਯੁਧਿਸ਼ਟਰ
ਕੋਈ ਫਰਕ ਨਹੀਂ ਪੈਂਦਾ
ਜਨਤਾ ਵਿਚਾਰੀ ਤਾਂ ਦਰੋਪਤੀ ਹੈ
ਰਾਜਾ ਦਰਯੋਧਨ ਹੋਵੇਗਾ ਤਾਂ
ਭਰੀ ਸਭਾ ਵਿਚ ਨਗਨ ਕੀਤਾਂ ਜਾਵੇਗਾ



Namdhari Elibrary NamdhariElibrary@gmail.com

ਰਾਜਾ ਯੁਧਿਸ਼ਟਰ ਹੋਵੇਗਾ ਤਾਂ
ਭਰੀ ਸਭਾ ਵਿਚ
ਦਾਅ ਤੇ ਲਾ ਦਿੱਤੀ ਜਾਵੇਗੀ
ਜਨਤਾ ਤਾਂ ਵਿਚਾਰੀ ਦਰੋਪਤੀ ਹੈ

ਇਸ ਬੇਬਸੀ ਦੀ ਹਾਲਤ ਵਿਚ ਕੁਝ ਲੋਕ ਸਖਤ ਗੱਲਾਂ ਵੀ ਕਰਦੇ ਹਨ। ਲੋਕ ਰਾਜ, ਜਮਹੂਰੀਅਤ ਦੇ ਉੱਤੇ ਹੀ ਕਿੰਤੂ ਕੀਤਾ ਜਾਂਦਾ ਹੈ। ਡਾ. ਇਕਬਾਲ ਜਿਹੇ ਸੂਖਮ ਭਾਵੀ ਵਿਅਕਤੀ ਨੇ ਵੀ ਕਿਹਾ ਜਾਂਦਾ ਹੈ ਕਿ ਆਹ ਗੱਲ ਕਹੀ ਹੈ—

ਉਠਾ ਕਰ ਫੈਂਕ ਦੋ ਬਾਹਰ ਗਲੀ ਮੇਂ
ਨਈ ਤਹਿਜ਼ੀਬ ਕੇ ਅੰਡੇ ਹੈਂ ਗੰਦੇ
ਇਲੈਕਸ਼ਨ ਮੈਂਬਰੀ ਕੌਂਸਲ ਸਦਾਰਤ
ਬਨਾਏ ਖ਼ੂਬ ਆਜ਼ਾਦੀ ਨੇ ਫੰਦੇ

ਸਾਡੇ ਭਾਰਤੀ ਚਿੰਤਨ ਅਨੁਸਾਰ ਬੰਦ ਖਲਾਸ ਕਰਾਉਣ ਵਾਲਾ ਕੋਈ ਨਾ ਕੋਈ ਅਵਤਾਰ ਆਉਂਦਾ ਜ਼ਰੂਰ ਹੁੰਦਾ ਹੈ। ਇਹ ਕਦੋਂ ਆਉਂਦਾ ਹੈ ਕਿਸ ਰੂਪ ਵਿਚ ਆਉਂਦਾ ਹੈ ਇਹ ਪਤਾ ਨਹੀਂ। ਉਹ ਵਿਅਕਤੀ ਹੁੰਦਾ ਹੈ, ਲਹਿਰ ਹੁੰਦੀ ਹੈ ਜਾਂ ਸਿਸਟਮ, ਪਰ ਕਿਤੇ ਨਾ ਕਿਤੇ ਕਦੋਂ ਨਾ ਕਦੋਂ ਤਾਂ ਆਵੇਗਾ। ਉਸ ਵੇਲੇ ਤਕ ਇਵੇਂ ਹੀ ਗੁਜ਼ਾਰਾ ਕਰਨਾ ਪੈਣਾ ਹੈ। ਮੁੜ ਮੁੜ ਇਲੈਕਸ਼ਨ ਲਈ ਤਿਆਰ-ਬਰ-ਤਿਆਰ।

*—ਜਗਦੀਸ਼ ਸਿੰਘ*

## ਅਜੀਤ ਕੁਮਾਰ ਜੀ

ਅਜੀਤ ਕੁਮਾਰ ਜੀ ਵੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਕਿਸੇ ਵੇਲੇ ਪੰਜਾਬ ਦੇ ਪੱਤਰਕਾਰਾਂ ਦੀ ਯੂਨੀਅਨ ਦੇ ਪ੍ਰਧਾਨ ਰਹੇ ਸ਼ਾਇਰ ਅਤੇ ਲੇਖਕ। ਵੱਖ-ਵੱਖ ਅਖਬਾਰਾਂ ਚੋਂ ਵਿਹਲੇ ਹੋ ਕੇ ਅੰਤ ਉਹ 'ਨਵਾਂ ਜ਼ਮਾਨਾ' ਵਿਚ ਆ ਕੇ ਟਿਕੇ ਸਨ। ਨਵਾਂ ਜ਼ਮਾਨਾ ਤੋਂ ਵਰਿਆਮ ਦੇ ਦਫਤਰ ਆਉਣ ਵਿਚ ਬਹੁਤ ਦੇਰ ਨਹੀਂ ਲਗਦੀ ਅਤੇ ਅਜੀਤ ਕੁਮਾਰ ਅਕਸਰ ਆਇਆ ਕਰਦੇ ਸਨ। ਉਹ ਪਟਿਆਲੇ ਵਿਚ ਕਿਸੇ ਸਮੇਂ ਗਿਆਨੀ ਜ਼ੈਲ ਸਿੰਘ ਦੇ ਕਿਸੇ ਅਖਬਾਰ ਵਿਚ ਵੀ ਕੰਮ ਕਰਦੇ ਰਹੇ ਸਨ ਅਤੇ ਪੰਜਾਬ ਦੀਆਂ ਉੱਚੀਆਂ ਸਿਆਸੀ ਹਸਤੀਆਂ ਨਾਲ ਵੀ ਉਹਨਾਂ ਦਾ ਮੇਲ ਜੋਲ ਸੀ। ਉਹਨਾਂ ਨੇ ਪੱਤਰਕਾਰਾਂ ਦੀ ਮਦਦ ਲਈ ਇਕ ਫੰਡ ਵੀ ਕਾਇਮ ਕੀਤਾ ਸੀ। ਪਰ ਅੰਤਲੇ ਦਿਨਾਂ ਵਿਚ ਉਹ ਮਾਇਕ ਪਖੋਂ ਈਮਾਨਦਾਰੀ ਨਾਲ ਮਾਰ ਖਾਂਦੇ ਰਹੇ। ਉਹਨਾਂ ਦੀ ਘਰਵਾਲੀ ਵੀ ਬੀਮਾਰ ਸੀ ਉਹ ਆਪ ਵੀ ਅਤੇ ਅਜ ਕਲ੍ਹ ਬੀਮਾਰੀਆਂ ਐਸੀਆਂ ਹਨ ਕਿ ਅਮੀਰ ਆਦਮੀ ਹੀ ਇਹ 'ਐਫੋਰਡ' ਕਰ ਸਕਦਾ ਹੈ। ਪੱਤਰਕਾਰੀ ਦੀ ਮਹਾਨਤਾ ਬਾਰੇ ਲੇਖ ਤਾਂ ਲਿਖਿਆ ਜਾ ਸਕਦਾ ਹੈ ਪਰ ਹਕੀਕਤ ਤਾਂ ਹਕੀਕਤ ਹੀ ਹੈ। ਸਾਡੇ ਵਰਗਿਆਂ ਦੀ ਕੀ ਹੋਣੀ ਹੋ ਸਕਦੀ ਹੈ, ਅਜੀਤ ਕੁਮਾਰ ਇਸਦੀ ਮਿਸਾਲ ਹੈ। ਉਹਨਾਂ ਦਾ ਸਪੁੱਤਰ ਕਿਸੇ ਸਮੇਂ ਯੁਵਾ ਅਵਸਥਾ ਵਿਚ ਇਥੇ ਅਜੀਤ ਵਾਸਤੇ ਫੋਟੋਗ੍ਰਾਫੀ ਕਰਦਾ ਸੀ। ਹੁਣ ਉਹ ਪਟਿਆਲੇ ਨੌਕਰੀ ਕਰਦਾ ਹੈ। ਅਜੀਤ ਕੁਮਾਰ ਨੇ 'ਮੇਰੀ ਅਧੂਰੀ ਪਾਕਿਸਤਾਨ ਯਾਤਰਾ' ਪੁਸਤਕ ਲਿਖੀ ਜਿਸ ਨੂੰ ਪੜ੍ਹ ਕੇ ਵਧੀਆ ਲਿਖਤ ਕਹਿਣ ਨੂੰ ਮਜਬੂਰ ਹੋਣਾ ਪੈਂਦਾ ਸੀ। ਸੰਤ ਇੰਦਰ ਸਿੰਘ ਚਕ੍ਰਵਰਤੀ ਦੀਆਂ ਬਹੁਤ ਗੱਲਾਂ ਉਹਨਾਂ ਨੂੰ ਯਾਦ ਸਨ ਅਤੇ ਵਰਿਆਮ ਵਾਸਤੇ ਚੱਕ੍ਰਵਰਤੀ ਹੋਰਾਂ ਬਾਰੇ ਇਕ ਲੇਖ ਲਿਖਣ ਦਾ ਵਾਅਦਾ ਹੁਣ ਉਹ ਆਪਣੇ ਨਾਲ ਹੀ ਲੈ ਗਏ ਹਨ। ਵਰਿਆਮ ਵਾਸਤੇ ਕੁਝ ਨਾ ਕੁਝ ਕਰਨ ਵਾਸਤੇ ਵੀ ਉਹ ਸੋਚਦੇ ਰਹੇ ਤੇ ਅਸੀਂ ਸੋਚਦੇ ਰਹੇ ਕਿ ਇਹ ਆਪਣੀ ਸਿਹਤ ਦੀ ਸੰਭਾਲ ਕਰ ਸਕਣ। ਅਜੀਤ ਕੁਮਾਰ ਜੀ ਦੋਸਤਾਂ ਦੇ ਦੋਸਤ ਸਨ। ਉਹਨਾਂ ਦੀ ਗੁਟਕਣ ਵਿਚ ਹੀ ਕਈ ਰਾਜ਼ ਛੁਪੇ ਹੁੰਦੇ ਸਨ। ਮੌਤ ਦੇ ਵਾਰ ਤੋਂ ਕੋਈ ਨਹੀਂ ਬਚ ਸਕਿਆ ਅੱਜ ਇਥੇ ਹੈ ਕਲ੍ਹ ਉਥੇ। ਜਿਹਨਾਂ ਬੰਦਿਆਂ ਦੀ ਲੋੜ ਹੁੰਦੀ ਹੈ ਉਹਨਾਂ ਤੇ ਪਹਿਲਾਂ ਵਾਰ ਹੋ ਜਾਂਦਾ ਹੈ। ਅਸੀਂ ਸਾਰੇ ਮੌਤ ਦੇ ਵਰਤਾਰੇ ਸਾਹਮਣੇ ਬੇਬੱਸ ਹਾਂ। ਬਸ ਅਰਦਾਸ ਹੀ ਕਰ ਸਕਦੇ ਹਾਂ। ਅਜੀਤ ਕੁਮਾਰ ਅਚਾਨਕ ਸਾਡੇ ਹੱਥਾਂ ਚੋਂ ਖਿਸਕ ਗਏ ਹਨ।'

"ਬਿਛੜਾ ਕੁਝ ਇਸ ਤਰਹ ਕਿ ਰੁਤ ਹੀ ਬਦਲ ਗਈ.."

*—ਜਗਦੀਸ਼ ਸਿੰਘ*


Namdhari Elibrary NamdhariElibrary@gmail.com

# ਕੂਕੇ ਸ਼ਹੀਦਾਂ ਦੀ ਸ਼ਨਾਖ਼ਤ—ਇਕ ਵੰਗਾਰ

## (੧੭-੧੮ ਜਨਵਰੀ ੧੮੭੨ ਮਲੇਰਕੋਟਲੇ ਤੋਪਾਂ ਨਾਲ ਉਡਾਏ ਗਏ ਨਾਮਧਾਰੀ ਸ਼ਹੀਦ)

*—ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ*

### ਸੰਪਾਦਕੀ ਟਿੱਪਣੀ

੧੭ ਜਨਵਰੀ ੧੮੭੨ ਨੂੰ ਮਲੇਰਕੋਟਲੇ ਵਿਚ ਹੋਇਆ ਸ਼ਹੀਦੀ ਸਾਕਾ ਕਈ ਪੱਖਾਂ ਤੋਂ ਵਿਲੱਖਣ ਸੀ। ਅੰਗਰੇਜ਼ ਹਕੂਮਤ ਦੇ ਇਨਸਾਫ਼ ਅਤੇ ਕਾਨੂੰਨ ਦੇ ਗੁਣ ਗੌਣ ਵਾਲੇ ਬੰਦੇ ਤਾਂ ਬਹੁਤ ਸਨ ਅਤੇ ਹੁਣ ਵੀ ਹਨ ਪਰ ਨਾਮਧਾਰੀਆਂ ਵਲ ਅੰਗਰੇਜ਼ ਦੇ ਕਾਨੂੰਨ ਅਤੇ ਇਨਸਾਫ਼ ਦੀ ਡੰਡੀ ਉਲਾਰ ਹੀ ਰਹੀ। ੧੭ ਜਨਵਰੀ ਨੂੰ ਜਿਹੜੇ ਸਿੰਘ ਤੋਪਾਂ ਨਾਲ ਉਡਾਏ ਗਏ ਸਨ ਉਹਨਾਂ ਤੇ ਕੋਈ ਮੁਕੱਦਮਾ ਨਹੀਂ ਸੀ ਚਲਾਇਆ ਗਿਆ। ਸਰਸਰੀ ਤੌਰ ਤੇ ਵੀ ਕੋਈ ਦੋਸ਼ ਸਾਬਤ ਨਹੀਂ ਸੀ ਕੀਤਾ ਗਿਆ ਭਾਵੇਂ ਸਰਸਰੀ ਤੌਰ ਤੇ ਹੀ ਸਹੀ। ਸਤਿਗੁਰੂ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਅਤੇ ਜਲਾਵਤਨੀ ਵੀ ਬੰਗਾਲ ਰੈਗੂਲੇਸ਼ਨ ਐਕਟ ੧੮੧੮ ਦੀ ਧਾਰਾ ਤਿੰਨ ਅਧੀਨ ਸੀ ਭਾਵ ਵਕੀਲ ਦਲੀਲ ਅਪੀਲ ਦੀ ਕੋਈ ਗੁੰਜਾਇਸ਼ ਨਹੀਂ ਬਗੈਰ ਮੁਕੱਦਮਾ ਚਲਾਇਆ ਅਤੇ ਬਿਨਾਂ ਦੋਸ਼ ਸਾਬਤ ਕੀਤਿਆਂ। ਮਲੇਰਕੋਟਲਾ ਵਾਲੇ ੧੭ ਜਨਵਰੀ ਵਾਲੇ ਸ਼ਹੀਦਾਂ ਦੀ ਕੋਈ ਸਰਕਾਰੀ ਲਿਸਟ ਅਜੇ ਨਹੀਂ ਲੱਭੀ। ਉਹਨਾਂ ਦੀ ਗਿਣਤੀ ਜ਼ਰੂਰ ਲਿਖੀ ਹੋਈ ਹੈ, ਜੋ ਸਰਕਾਰੀ ਚਿੱਠੀਆਂ ਅਤੇ ਹੋਰ ਰਿਕਾਰਡਾਂ ਵਿਚੋਂ ਮਿਲਦੀ ਹੈ। ਅੰਗਰੇਜ਼ ਡੀ.ਸੀ. ਮਿਸਟਰ ਕਾਵਨ ਨੂੰ ਕਮਿਸ਼ਨਰ ਫੋਰ ਸਾਈਥ ਦੀ ਤਾਰ ਜ਼ਰੂਰ ਮਿਲੀ ਸੀ ਕਿ ਅੰਨ੍ਹੇ ਵਾਹ ਕਤਲ ਨਾ ਕਰੋ ਪਰ ਉਹਨੇ ਕੋਈ ਪਰਵਾਹ ਨਹੀਂ ਸੀ ਕੀਤੀ। ਅਗਲੇ ਦਿਨ ਸਰਸਰੀ ਜਿਹੀ ਕਾਰਵਾਈ ਕੀਤੀ ਤਾਂ ੧੬ ਸ਼ਹੀਦਾਂ ਦੀ ਇਕ ਲਿਸਟ ਜ਼ਰੂਰ ਬਣਾਈ ਗਈ। ਪਰ ਤਿੰਨ ਮਹੀਨੇਤੱਕ ਦਿੱਲੀ-ਲੰਡਨ ਸਰਕਾਰ ਨੂੰ ਵੀ ਇਹ ਪਤਾ ਨਾ ਲੱਗਾ ਕਿ ਇਹ ਬੰਦੇ ਫਾਹੇ ਲਾਏ ਗਏ ਸਨ ਜਾਂ ਤੋਪਾਂ ਨਾਲ ਉੜਾਏ ਗਏ ਸਨ। ਇਕ ਅੰਗਰੇਜ਼ੀ ਦਾ ਸ਼ਬਦ executed ਹੀ ਵਰਤਿਆ ਗਿਆ। ਜਿਸ ਦੇ ਅਰਥ ਦੋਵੇਂ ਹੀ ਨਿਕਲ ਸਕਦੇ ਸਨ ਅਤੇ ਸਮਝਿਆ ਇਹ ਹੀ ਜਾਂਦਾ ਰਿਹਾ ਕਿ ਇਹ ਲੋਕ ਫਾਂਸੀ ਤੇ ਚਾੜ੍ਹੇ ਗਏ ਹਨ। ਇਸ ਮਤਲਬ ਦਾ ਸੁਆਲ ਇੰਗਲੈਂਡ ਦੀ ਪਾਰਲੀਮੈਂਟ ਵਿਚ ਵੀ ਉਠਿਆ ਅਤੇ ਸਮਕਾਲੀ ਅਖਬਾਰਾਂ ਵਿਚ ਵੀ। ਇਸ ਕਰਕੇ ਇਹਨਾਂ ਸ਼ਹੀਦਾਂ ਦੀ ਸਿੱਕੇ ਬੰਦ ਲਿਸਟ ਨਹੀਂ ਬਣ ਸਕੀ। ਅਤੇ ਬਾਦ ਵਿਚ ਤਾਂ ਸਰਕਾਰੀ ਜ਼ੁਲਮ ਦੇ ਡਰੋਂ ਕਈ ਸ਼ਹੀਦਾਂ ਦਾ ਵਾਰਸਾਂ ਨੇ ਉਂਞ ਹੀ ਗਲ ਲੁਕੋ ਕੇ ਰਖੀ। ਜਿਥੋਂ ਜਿਥੋਂ ਸੋਅ ਮਿਲੀ ਤਾਂ ਕੁਝ ਉਦਮੀਆਂ ਨੇ ਨਾਵਾਂ ਥਾਵਾਂ ਦਾ ਪਤਾ ਕੀਤਾ। ਜੋਗਾ ਪਿੰਡ ਵਿਚ ਚਾਰ ਨਾਮਧਾਰੀ ਸ਼ਹੀਦਾਂ ਨਮਿਤ ਮੇਲਾ ਕਾਮਰੇਡ ਜੰਗੀਰ ਸਿੰਘ ਜੋਗਾ ਦੇ ਸਮੇਂ ਤੋਂ ਹੀ ਮਨਾਇਆ ਜਾ ਰਿਹਾ ਹੈ ਪਰ ਸਰਕਾਰੀ ਕਾਗਜ਼ਾਂ ਵਿਚ ੧੮ ਜਨਵਰੀ ਦੇ ਸ਼ਹੀਦਾਂ ਵਿਚ ਸ. ਸ਼ਾਮ ਸਿੰਘ ਜੋਗਾ ਦਾ ਹੀ ਜ਼ਿਕਰ ਹੈ ਜੋ ਕਾਮਰੇਡ ਜੋਗਾ ਹੋਰਾਂ ਦਾ ਵਡੇਰਾ ਸੀ। ਕਹਿਣ ਦਾ ਭਾਵ ਹੈ ਕਿ ਸੰਪੂਰਨ ਅਤੇ ਭਰੋਸੇਮੰਦ ਸੂਚੀ ਬਹੁਤ ਮੁਸ਼ਕਲ ਕਾਰਜ ਹੈ। ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਇਸ ਕੰਮ ਵਲ ਸਿਰ ਸੁੱਟ ਕੇ ਲਗੇ ਹੋਏ ਹਨ। ਉਹਨਾਂ ਦਾ ਲੇਖ ਅਗੇ ਵੀ ਵਰਿਆਮ ਵਿਚ ਛਪਿਆ ਸੀ ਹੁਣ ਫੇਰ ਨਵੇਂ ਰੂਪ ਵਿਚ ਛਪ ਰਿਹਾ ਹੈ। ਆਸ ਹੈ ਇਤਿਹਾਸ ਖੋਜੀ ਇਸ ਵੱਲ ਧਿਆਨ ਦੇਣਗੇ ਅਤੇ ਕਿਸੇ ਸਰਬ ਸੰਮਤ ਸਿੱਟੇ ਤੇ ਪੁੱਜਣਗੇ।

*—ਜਗਦੀਸ਼ ਸਿੰਘ*

ਜੂਨ ੧੯੯੮ ਦਾਸ ਨੇ ੧੯੯੯ ਆਨੰਦਪੁਰ ਸਮਾਗਮਾਂ ਮੌਕੇ ਤਿਆਰ ਕੀਤੀ ਜਾ ਰਹੀ "ਸਿਖ ਇਤਹਾਸ" ਦੀ ਲੜੀ ਵਾਸਤੇ ਕੂਕਾ ਵਿਦਰੋਹ "ਨਾਂ ਦਾ ਲੇਖ ਤਿਆਰ ਕਰਕੇ ਡਾ. ਖੜਕ ਸਿੰਘ ਜੀ (ਸੰਪਾਦਕ) ਪਾਸ ਪੇਸ਼ ਕੀਤਾ। ਡਾਕਟਰ ਸਾਹਿਬ ਨੇ ਫ਼ਰਮਾਇਆ ਕਿ ਇਸ ਲਿਖਤ ਵਿੱਚ ੬੬ ਸ਼ਹੀਦਾਂ ਨੇ ਨਾਵਾਂ ਦੀ ਸੂਚੀ ਜ਼ਰੂਰ ਦਿਓ। ਮੈਂ ਭੋਲੇ ਭਾਅ ਹਾਂ ਜੀ" ਕਹਿ ਕੇ ਆ ਗਿਆ। ਏਸ ਵਿਸ਼ਵਾਸ਼ ਨਾਲ ਕਿ ਇਹ ਸੂਚੀ ਤਾਂ ਮਿਲ ਹੀ ਜਾਏਗੀ।

ਪਰ ਮੇਰੀ ਅਜ ਤਕ ਇਹ ਭਟਕਣਾ ਜਾਰੀ ਹੈ। ਜਨਵਰੀ ੨੦੦੪ ਦਾ 'ਵਰਿਆਮ' ਪੜ੍ਹਕੇ ਜੀਅ ਕੀਤਾ ਹੈ ਕਿ ਏਸ ਬਾਰੇ ਜੋ ਕੁਝ ਨਿਮਾਣਾ ਜਤਨ ਦਾਸ ਤੋਂ ਹੋ ਸਕਿਆ ਹੈ, ਆਪ ਸਾਰਿਆਂ ਦੀ ਸੇਵਾ ਵਿੱਚ ਪੇਸ਼ ਕਰਾਂ।

ਨਾਮਧਾਰੀ ਲਹਿਰ ਦੇ ਪਰਮੁਖ ਇਤਿਹਾਸਕਾਰ ਸੁਰਗਵਾਸੀ ਭਾਈ ਨਾਹਰ ਸਿੰਘ ਨਾਲ ਮੇਰਾ ਕੋਈ ਦਸ ਸਾਲ ਨੇੜਲਾ ਸੰਪਰਕ ਰਹਿਆ ਹੈ, ਉਹਨਾਂ ਦੇ ਖੋਜ ਭਰਪੂਰ ਜੀਵਨ ਦੇ ਪਿਛਲੇ ਦਸ ਸਾਲ ਭਾਵ ਸਨ ੧੯੯੮ ਤੀਕ। ਉਸ ਦੌਰਾਨ ਮੇਰੇ ਚਿਤ ਚੇਤੇ ਵੀ ਨਹੀਂ ਸੀ ਕਿ ਨਾਮਧਾਰੀ ਲਹਿਰ ਦੇ ਇਤਿਹਾਸ ਵਿੱਚ ਐਡਾ ਵੱਡਾ ਮਘੋਰਾ ਹੈ। ਜ਼ਿਕਰ ਯੋਗ ਹੈ ਕਿ ਮੇਰਾ ਉਪਰ ਦਸਿਆ ਲੇਖ ਉਹਨਾਂ ਦੀ ਅੰਗਰੇਜ਼ੀ ਰਚਨਾ Rebels Against The British Rule (Guru Ram Singh And The Kuka Sikhs) ਤੇ ਹੀ ਅਧਾਰਤ ਹੈ।

ਘੋਖ ਕਰਣ ਤੇ ਪਤਾ ਲਗਿਆ ਕਿ, ਜਿਹੜੇ ਕੂਕੇ ੧੮ ਜਨਵਰੀ ੧੮੭੨ ਨੂੰ ਸ਼ਹੀਦ ਕੀਤੇ ਗਏ ਸੀ, ਉਹਨਾਂ ਦੀ ਸ਼ਨਾਖਤ ਬਾਰੇ ਰੌਲਾ ਨਹੀਂ ਪਰ ੧੭ ਵਾਲਿਆਂ ਦੀ ਕੋਈ



Namdhari Elibrary NamdhariElibrary@gmail.com

ਸਿਕੇਬੰਦ ਸੂਚੀ ਉਪਲਬਧ ਨਹੀਂ ਹੈ।

ਏਸ ਦੌਰਾਨ ੨੧-੨-੧੯੯੯ ਨੂੰ ਇਕ ਸਮਾਗਮ ਤੇ ਏਹੀ ਸਵਾਲ ਭਰੇ ਦੀਵਾਨ ਵਿੱਚ ਸਤਿਗੁਰਾਂ ਦੀ ਹਾਜ਼ਰੀ ਵਿੱਚ ਉਠਾਇਆ ਤਾਂ ਹੁਕਮ ਹੋਇਆ ਕਿ ਇਹ ਸੂਚੀ ਦਾਸ ਨੇ ਹੀ ਬਨਾਉਣੀ ਹੈ ਸੋ ਮੈਂ ਟੀਚਾ ਮਿਥਿਆ ਕਿ ਜੋ ਵੀ ਸਾਧਨ ਸਮਗਰੀ ਮੇਰੀ ਪਹੁੰਚ ਅੰਦਰ ਹੈ, ਉਹਦੀ ਪੁਣ ਛਾਣ ਕਰਕੇ ੧੯੯੯ ਤੇ ਅਖੀਰ ਤਕ ਲਿਸਟ ਤਿਆਰ ਕਰਣੀ ਹੈ।

ਤਦ ਅਨੁਸਾਰ ਫਰਵਰੀ ੨੦੦੦ ਦੇ 'ਵਰਿਆਮ' ਵਿੱਚ ਇਹ ਸੂਚੀ ਪਰਕਾਸ਼ਤ ਕੀਤੀ ਗਈ। ਹੈਰਾਨਗੀ ਦੀ ਗਲ ਹੈ ਕਿ ਏਸ ਸੂਚੀ ਤੇ ਅਜ ਤੀਕ ਕੋਈ ਜ਼ਿਕਰ ਯੋਗ ਟਿਪਣੀ ਨਹੀਂ ਕੀਤੀ ਗਈ। ਇਹ ਦੱਸਣਾ ਕੁਥਾਏਂ ਨਹੀਂ ਹੋਵੇਗਾ ਕਿ ਏਹ ਸੂਚੀ ਪਰਕਾਸ਼ਤ ਕਰਣੋਂ ਪਹਿਲਾਂ ਕੁਝ ਸੰਬੰਧਤ ਨਾਮਧਾਰੀ ਇਤਿਹਾਸਕਾਰਾਂ ਨਾਲ ਵੀ ਇਸ ਬਾਰੇ ਸੰਪਰਕ ਕਰਕੇ ਉਹਨਾਂ ਦੀ ਰਾਏ ਜਾਣਨ ਦਾ ਪੂਰਾ ਜਤਨ ਕੀਤਾ ਗਿਆ ਸੀ।

ਇਹ ਸੂਚੀ ਮੈਂ ਹੁਣ ਫੇਰ ਭੇਜ ਰਿਹਾ ਹਾਂ।

ਸਵਾਲ ਕੀਤਾ ਜਾ ਸਕਦੈ ਕਿ ਕੀ ਮੈਂ ਦਾਅਵੇ ਨਾਲ ਕਹਿ ਸਕਣਾ ਕਿ ਮੇਰੀ ਇਹ ਸੂਚੀ ਟਕਸਾਲੀ ਸਬੂਤਾਂ ਤੇ ਅਧਾਰਤ ਹੈ—ਮੇਰਾ ਜਵਾਬ ਹੈ ਨਹੀਂ, ਇਹ ਕੇਵਲ ਸੰਭਾਵਨਾਵਾਂ ਤੇ ਸੀਮਤ ਸਾਧਨਾਂ ਤੇ ਹੀ ਆਧਾਰਤ ਹੈ......ਪਰ ਮੇਰੀ ਤੁੱਛ ਰਾਏ ਅਨੁਸਾਰ ਕੁਝ ਘਾਟਿਆਂ ਸ਼ੰਕਿਆ ਦੇ ਬਾਵਜੂਦ ਨਾਂਹ ਹੋਣ ਨਾਲੋਂ ਬਿਹਤਰ ਹੈ। ਉਪਰੰਤ ਮੈਂ ਏਸ ਵਿਸ਼ੇ ਤੇ ਸੰਬੰਧਤ ਧਿਰਾਂ ਨਾਲ ਆਪਣੇ ਸੂਤਰਾਂ ਦੇ ਆਧਾਰ ਤੇ ਖੁਲ੍ਹੇ ਵਿਚਾਰ ਵਟਾਂਦਰੇ ਲਈ ਤਿਆਰ ਹਾਂ ਤਾਕਿ ਸ਼ੰਕੇ ਸ਼ੁਭੇ ਦੂਰ ਕੀਤੇ ਜਾ ਸਕਣ।

ਉਪਰੰਤ ਏਸ ਖੋਜ ਨੂੰ ਦਸੰਬਰ ੨੦੦੨ ਵਿੱਚ ਕਿਸੇ ਠੋਸ ਆਧਾਰ ਤੇ ਨੇਪਰੇ ਚਾੜਨ ਲਈ ਵਿਚਾਰ ਬਣਾਇਆ ਕਿ ਕਿਉਂ ਨਾ ਪਟਿਆਲੇ ਰਿਆਸਤ ਦਾ ਰੀਕਾਰਡ ਫਰੋਲਿਆ ਜਾਏ, ਕਿਉਂਕਿ ਪਟਿਆਲੇ ਦੇ ਨਾਇਬ ਨਾਜ਼ਮ ਨੇ ਇਹਨਾਂ ਮਰਜੀਵੜਿਆਂ ਨੂੰ ਰੱੜ ਪਿੰਡੋਂ ਗਿਰਫਤਾਰ ਕਰਕੇ ਸ਼ੇਰਪੁਰ ਰਾਤ ਰਖ ਕੇ ਅਗਲੀ ਸਵੇਰ ੧੭-੧-੧੮੭੨ ਨੂੰ ਮਲੇਰਕੋਟਲੇ ਪੇਸ਼ ਕੀਤਾ ਸੀ, ਸ਼ਾਇਦ ਇਹਨਾਂ ਦੇ ਨਾਂਵਾਂ ਦੀ ਏਸ ਤਰ੍ਹਾਂ ਪਹਿਚਾਨ ਹੋ ਸਕੇ। ਤਦ ੧੧-੧੨-੨੦੦੩ ਨੂੰ ਪਟਿਆਲੇ ਆਰਕਾਈਵਜ਼ Archives ਪਹੁੰਚ ਕੀਤੀ ਤੇ ਕੁਝ ਲੋੜੀਂਦੇ ਦਸਤਾਵੇਜ਼ ਹਾਸਲ ਕਰਣ ਵਿੱਚ ਸਫਲਤਾ ਮਿਲੀ। ਪਰ ਅਗਲੇਰੀ ਖੋਜ ਤੋਂ ਪਹਿਲਾਂ ਹੀ ਪਟਿਆਲੇ ਵਾਲਾ ਰੀਕਾਰਡ ਉਸ ਇਮਾਰਤ ਚੋਂ ਕੱਢ ਕੇ ਕਿਸੇ ਨਾ-ਮੁਨਾਸਬ ਥਾਂ ਤੇ ਪਹੁੰਚਾ ਕੇ ਖੁੱਡੇ ਲਾਈਨ ਲਾ ਦਿਤਾ ਗਿਐ—ਜਦੋਂ ਇਹ ਕਿਤੇ ਥਾਂ ਟਿਕਾਣੇ ਆਵੇਗਾ ਤਾਂ ਅਗੇ ਕੁਝ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ।

ਏਸ ਪਰਥਾਏ ਇਕ ਹੋਰ ਸਵਾਲ ਆਪ ਸਾਰਿਆਂ ਦੇ ਧਿਆਨ ਗੋਚਰਾ ਕਰਣ ਦੀ ਖੁਲ੍ਹ ਲੈ ਰਿਹਾ ਹਾਂ—ਉਹ ਇਹ ਕਿ ਨਾਮਧਾਰੀ ਸ਼ਹੀਦਾਂ ਨੂੰ ਸਰਕਾਰ ਆਜ਼ਾਦੀ ਸੰਗਰਾਮੀਏ ਨਹੀਂ ਮੰਨਦੀ। ਦਾਸ ਨੇ ਏਸ ਮਕਸਦ ਲਈ ਇਕ ਜਨ ਹਿਤ ਪਟੀਸ਼ਨ (P.I.L.) ਦਾਇਰ ਕੀਤੀ ਸੀ, ਜਿਸਦਾ ਜ਼ਿਕਰ ਲਗਭਗ ਸਾਰੇ ਅਖਬਾਰਾਂ ਵਿੱਚ ੧੭-੧੨-੨੦੦੩ ਨੂੰ ਆਇਆ ਸੀ। (ਕੁਝ ਅਖ਼ਬਾਰਾਂ ਦੀਆਂ ਟੁਕਾਂ ਦੀ ਫ਼ੋਟੋ ਕਾਪੀ ਭੇਜ ਰਿਹਾ ਹਾਂ)।

ਏਥੇ ਫੇਰ ਮੈਂ ਇਹ ਕਹਿਣੋਂ ਨਹੀਂ ਰਹਿ ਸਕਦਾ ਕਿ ਕਿਸੇ ਸੱਜਣ ਨੇ ਏਸ ਬਾਰੇ ਨਾ ਤੇ ਕੋਈ ਟਿਪਣੀ ਕਰਣੀ ਮੁਨਾਸਬ ਸਮਝੀ ਹੈ ਤੇ ਨਾ ਹੀ ਇਸਨੂੰ ਗੌਲਿਆ ਜਾਪਦਾ ਹੈ। ਬਾਕੀ ਜਿਥੋਂ ਤੀਕ ਦਾਸ ਦੀ ਪੋਜ਼ੀਸ਼ਨ ਹੈ, ਉਹ ਸਾਰੇ ਸ਼ਹੀਦਾਂ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ ਹੈ, ਖਾਸ ਕਰਕੇ ਗੱਦਰੀ ਸ਼ਹੀਦਾਂ ਬਾਰੇ, ਪਰ ਜਿਨ੍ਹਾਂ ਨੂੰ ਨਾਮਧਾਰੀ ਸ਼ਹੀਦਾਂ ਨਾਲ ਬਹੁਤਾ ਲਗਾਉ ਹੈ ਉਹ ਵੀ ਇਹਨਾਂ ਸਵਾਲਾਂ ਤੇ ਕਿਉਂ ਚੁੱਪ ਸਾਧੀ ਬੈਠੇ ਹਨ, ਇਹ ਸਮਝ ਨਹੀਂ ਆ ਰਹੀ।

ਅਖ਼ੀਰ ਵਿੱਚ ਮਲੇਰਕੋਟਲੇ ਸਥਾਪਤ ਕੀਤੇ ਸ਼ਾਨਦਾਰ ਮੈਮੋਰੀਅਲ ਵੱਲ ਧਿਆਨ ਦੁਆਉਣਾ ਚਾਹਾਂਗਾ। ਬੇਸ਼ਕ ਇਹ ਇਕ ਸ਼ਾਨਾਮਤਾ ਮੈਮੋਰੀਅਲ ਹੈ, ਜਿਹੜਾ ੬੬ ਪਰਵਾਨਿਆਂ ਦੀ ਯਾਦ ਤਾਜ਼ਾ ਰਖਣ ਖ਼ਾਤਰ ਢੁਕਵੀਂ ਯਾਦਗਾਰ ਹੈ—ਪਰ ਜੇ ਕੋਈ ਇਹ ਜਾਣਨਾ ਚਾਹੇ ਕਿ ਇਹ ਵਿਅਕਤੀ ਕੌਣ ਕੌਣ ਸਨ, ਤਾਂ ਕੀ ਜਵਾਬ ਦਿਤਾ ਜਾ ਸਕਦਾ ਹੈ।

ਹੱਥਲੇ ਲੇਖ ਦਾ ਮਨੋਰਥ ਇਹ ਹੈ ਕਿ ਸ਼ਹੀਦਾਂ ਦੀ ਸੂਚੀ ਵਾਲਾ ਮੁੱਦਾ ਸਿਰੇ ਲਾਇਆ ਜਾਏ। ਇਹਨਾਂ ਸਤਰਾਂ ਦਾ ਲੇਖਕ, ਸ਼ਹੀਦਾਂ ਦੀ ਬਣਾਈ ਸੂਚੀ ਬਾਰੇ ਨਿਜੀ ਪੱਧਰ ਤੇ ਜਾਂ ਪਰੈਸ ('ਵਰਿਆਮ') ਦੁਆਰਾ ਖੁਲ੍ਹੇ ਵਿਚਾਰ ਵਟਾਂਦਰੇ ਦਾ ਸੁਆਗਤ ਕਰੇਗਾ।

ਬਾਕੀ ਜੇ ੨੦੦੪ ਦੌਰਾਨ ਪਟਿਆਲੇ ਵਾਲੇ ਸੂਤਰਾਂ ਤੋਂ ਟਕਸਾਲੀ ਸੂਚੀ ਮਿਲ ਜਾਏ ਤਾਂ ਸਮਝਾਂਗਾ, ਲਾਟਰੀ ਨਿਕਲ ਆਈ। ਅਖੀਰ ਮੇਰੀ ਬੇਨਤੀ ਹੈ ਕਿ ਹਰ ਸੂਰਤ ਇਹ ਨਿਰਣਾ ੧੭-੧੮ ਜਨਵਰੀ ੨੦੦੫ ਤੋਂ ਪਹਿਲਾਂ ਨੇਪਰੇ ਚੜ੍ਹ ਜਾਣਾ ਚਾਹੀਦਾ ਹੈ।

*ਪਿੰਡ ਤੇ ਡਾਕਖਾਨਾ ਸਕੇਤੜੀ, ਜ਼ਿਲਾ ਪੰਚਕੂਲਾ*
*ਪਿਨ : 134109*
*ਫੋਨ : 0172-2556314*



Namdhari Elibrary NamdhariElibrary@gmail.com

# ਮਲੇਰਕੋਟਲੇ ਤੋਪਾਂ ਨਾਲ ਉਡਾਏ ਗਏ ਨਾਮਧਾਰੀ ਸਿੰਘ

## ੧੭-੧-੧੮੭੨

**ਰਿਆਸਤ ਪਟਿਆਲਾ**

੧) ਸ: ਹੀਰਾ ਸਿੰਘ — ਸਕਰੌਦੀ
੨) ਸ: ਲਹਿਨਾ ਸਿੰਘ — ਸਕਰੌਦੀ
੩) ਸ: ਮਿਤ ਸਿੰਘ — ਸਕਰੌਦੀ
੪) ਸ: ਅਤਰ ਸਿੰਘ — ਰੜ੍ਹ
੫) ਸ: ਸੱਦਾ ਸਿੰਘ — ਰੜ੍ਹ
੬) ਸ: ਹੀਰਾ ਸਿੰਘ — ਰੜ੍ਹ
੭) ਸ: ਹਰਨਾਮ ਸਿੰਘ — ਰੜ੍ਹ
੮) ਸ: ਗੁਰਦਿੱਤ ਸਿੰਘ — ਰੜ੍ਹ
੯) ਨਾਰਾਇਣ ਸਿੰਘ — ਰੜ੍ਹ
੧੦) ਸ: ਖਿਸ਼ਨ ਸਿੰਘ — ਰੜ੍ਹ
੧੧) ਸ: ਜੈਮਲ ਸਿੰਘ — ਰੜ੍ਹ
੧੨) ਸ: ਨੱਥਾ ਸਿੰਘ — ਬਰਨਾਲਾ
੧੩) ਸ: ਵਰਿਆਮ ਸਿੰਘ — ਬਰਨਾਲਾ
੧੪) ਸ: ਰਤਨ ਸਿੰਘ — ਬਰਨਾਲਾ
੧੫) ਸ: ਅੱਤਰ ਸਿੰਘ — ਵਾਲੀਆਂ
੧੬) ਸ: ਫ਼ਤਹਿ ਸਿੰਘ — ਵਾਲੀਆਂ
੧੭) ਸ: ਨੰਦ ਸਿੰਘ — ਹੰਡਿਆਇਆ
੧੮) ਸ: ਸੱਦਾ ਸਿੰਘ — ਹੰਡਿਆਇਆ
੧੯) ਸ: ਸ਼ੇਰ ਸਿੰਘ — ਦੀਵਾ

**ਰਿਆਸਤ ਮਲੇਰਕੋਟਲਾ**

੨੦) ਸ: ਵਰਿਆਮ ਸਿੰਘ — ਮੂਮ
੨੧) ਸ: ਬੀਰ ਸਿੰਘ — ਮੂਮ
੨੨) ਸ: ਕਾਲਾ ਸਿੰਘ — ਦਿਆਲਪੁਰ ਕੋਟਲਾ
੨੩) ਸ: ਨਾਰਾਇਨ ਸਿੰਘ — ਰੰਗੀਆ
੨੪) ਸ: ਗੁਰਮੁੱਖ ਸਿੰਘ (ਨੰਬਰਦਾਰ) — ਫਰਵਾਹੀ
੨੫) ਸ: ਭੂਪ ਸਿੰਘ — ਫਰਵਾਹੀ
੨੬) ਸ: ਖੜਕ ਸਿੰਘ — ਫਰਵਾਹੀ
੨੭) ਸ: ਨਾਰਾਇਨ ਸਿੰਘ — ਚੁੰਘ
੨੮) ਸ: ਧਿਆਨ ਸਿੰਘ — ਚੱਕ ਕੂਕਿਆਂ

**ਰਿਆਸਤ ਨਾਭਾ**

੨੯) ਸ: ਕਟਾਰ ਸਿੰਘ — ਧਨੌਲਾ
੩੦) ਸ: ਪਰਸਾ ਸਿੰਘ — ਗੁਰੂਸਰ
੩੧) ਸ: ਧਿਆਨ ਸਿੰਘ — ਭਦਲ ਥੂਲਾ
੩੨) ਸ: ਰਤਨ ਸਿੰਘ — ਭਦਲ ਥੂਲਾ
੩੩) ਸ: ਅਤਰ ਸਿੰਘ — ਦਿਆਲ ਗੜ੍ਹ
੩੪) ਸ: ਭੂਪ ਸਿੰਘ — ਦਿਆਲ ਗੜ੍ਹ
੩੫) ਸ: ਗੁਜਰ ਸਿੰਘ — ਹਰੀਪੁਰ
੩੬) ਸ: ਹਰਨਾਮ ਸਿੰਘ — ਗਿਲ

**ਰਿਆਸਤ ਜੀਂਦ**

੩੭) ਸ: ਹਰਨਾਮ ਸਿੰਘ — ਮੰਡੀ
੩੮) ਸ: ਪ੍ਰੇਮ ਸਿੰਘ — ਗਗੜ ਪੁਰ
੩੯) ਸ: ਫ਼ਤਿਹ ਸਿੰਘ — ਗਗੜ ਪੁਰ

**ਜ਼ਿਲ੍ਹਾ ਫ਼ੀਰੋਜ਼ਪੁਰ**

੪੦) ਸ: ਜਗਤ ਸਿੰਘ — ਗੰਜੀ
੪੧) ਸ: ਜੋਧ ਸਿੰਘ — ਮਹਿਰਾਜ
੪੨) ਸ: ਮਾਘਾ ਸਿੰਘ — ਮਹਿਰਾਜ
੪੩) ਸ: ਅਤਰ ਸਿੰਘ — ਮਹਿਰਾਜ
੪੪) ਸ: ਨਿਧਾਨ ਸਿੰਘ — ਸਾਦਕ
੪੫) ਸ: ਹਰਨਾਮ ਸਿੰਘ . — ਸਾਦਕ

**ਜ਼ਿਲ੍ਹਾ ਲੁਧਿਆਣਾ**

੪੬) ਸ: ਦੇਵਾ ਸਿੰਘ — ਲੋਹਗੜ੍ਹ
੪੭) ਸ: ਉਤਮ ਸਿੰਘ — ਰੁੜਕਾ
੪੮) ਸ: ਚੜ੍ਹਤ ਸਿੰਘ — ਰੁੜਕਾ
੪੯) ਸ: ਸੁਹੇਲ ਸਿੰਘ — ਲਹਿਰਾ
੫੦) ਸ: ਹਰਨਾਮ ਸਿੰਘ — ਧਮੋਟ

## ੧੮-੧-੧੮੭੨

**ਰਿਆਸਤ ਪਟਿਆਲਾ**

੧) ਸ: ਅਨੂਪ ਸਿੰਘ — ਸਕਰੌਦੀ
੨) ਸ: ਅਲਬੇਲ ਸਿੰਘ — ਵਾਲੀਆਂ
੩) ਸ: ਜਵਾਹਰ ਸਿੰਘ — ਵਾਲੀਆਂ
੪) ਸ: ਭਗਤ ਸਿੰਘ — ਕਾਂਝਲਾ
੫) ਸ: ਰੂੜ ਸਿੰਘ — ਮੱਲ੍ਹ ਮਾਜਰਾ
੬) ਸ: ਸ਼ਾਮ ਸਿੰਘ — ਜੋਗਾ

**ਰਿਆਸਤ ਨਾਭਾ**

੭) ਸ: ਹੀਰਾ ਸਿੰਘ — ਪਿਥੋ
੮) ਸ: ਕੇਸਰ ਸਿੰਘ — ਗਿਲ
੯) ਸ: ਸੋਭਾ ਸਿੰਘ — ਭਦਲ ਥੂਆ

**ਜ਼ਿਲ੍ਹਾ ਅੰਮ੍ਰਿਤਸਰ**

੧੦) ਸ: ਹਾਕਮ ਸਿੰਘ — ਝੱਬਾਲ

**ਜ਼ਿਲ੍ਹਾ ਫ਼ੀਰੋਜ਼ਪੁਰ**

੧੧) ਸ: ਵਰਿਆਮ ਸਿੰਘ — ਮਹਿਰਾਜ

**ਜ਼ਿਲ੍ਹਾ ਲੁਧਿਆਣਾ**

੧੨) ਸ: ਸੇਵਾ ਸਿੰਘ — ਰੱਬੋਂ
੧੩) ਸ: ਸੁਜਾਨ ਸਿੰਘ — ਰੱਬੋਂ
੧੪) ਸ: ਬੇਲਾ ਸਿੰਘ — ਰੱਬੋਂ
੧੫) ਸ: ਸੋਭਾ ਸਿੰਘ — ਰੱਬੋਂ
੧੬) ਸ: ਵਰਿਆਮ ਸਿੰਘ — ਛੰਨਾ



Namdhari Elibrary NamdhariElibrary@gmail.com




Namdhari Elibrary NamdhariElibrary@gmail.com

# ਪ੍ਰੋ. ਪੂਰਨ ਸਿੰਘ-ਕਾਵਿ ਦਾ ਪ੍ਰਬੰਧ ਰੂਪਾਂਤਰਕਾਰ—ਪ੍ਰੋ. ਕਸੇਲ

*—ਕੁਲਵੰਤ ਕੌਰ (ਡਾ.)*

ਟੈਗੋਰ, ਇਕਬਾਲ ਅਤੇ ਅਰਵਿੰਦ ਘੋਸ਼ ਜਿਹੇ ਪ੍ਰਵੀਣ ਸ਼ਾਇਰਾਂ ਦੇ ਚਿੰਤਨ ਨੂੰ 'ਏਸ਼ਿਆਈ ਰਹੱਸਵਾਦ' ਦੀ ਸੰਗਿਆ ਦੇਣ ਵਾਲੇ ਪ੍ਰੋ. ਪੂਰਨ ਸਿੰਘ ਦੀ ਅਧਿਆਤਮਿਕ, ਵਿਸ਼ੇਸ਼ ਕਰਕੇ ਸਿੱਖ ਅਧਿਆਤਮਿਕ ਚਿੰਤਨ ਨੂੰ ਯਾਦਗਾਰੀ ਦੇਣ ਹੈ ਜਿਨ੍ਹਾਂ ਨੂੰ ਪੰਜਾਬ ਦੇ ਜ਼ੱਰੇ ਜ਼ੱਰੇ ਅਤੇ ਪੱਤੇ ਪੱਤੇ ਵਿਚੋਂ ਗੁਰਬਾਣੀ-ਸੰਗੀਤ ਝਰਦਾ ਸੁਣਾਈ ਦੇਂਦਾ ਰਿਹਾ। ਉਨ੍ਹਾਂ ਜਿਹੀ ਪਾਕਿ-ਪੁਨੀਤ ਹਸਤੀ, ਬੁਲੰਦ ਸ਼ਖਸੀਅਤ, ਨੂਰਾਨੀ ਦਿੱਖ ਅਤੇ ਇਲਹਾਮੀ ਵਿਅਕਤਿਤਵ ਬਾਰੇ ਅਨੁਮਾਨ ਲਾਉਣਾ ਕਠਿਨ ਹੋ ਜਾਂਦੈ ਕਿ ਉਹ ਲੇਖਕ ਵੱਡੇ ਸਨ ਕਿ ਵਿਗਿਆਨੀ ਵੱਡੇ ਸਨ। ਧੁਰ ਅੰਦਰ ਤਕ ਰੂਹਾਨੀਅਤ ਨਾਲ ਲਟ ਲਟ ਬਲਦੀ ਉਨ੍ਹਾਂ ਦੀ ਕਾਇਆਂ ਨੇ ਅੱਧੀ ਸਦੀ ਦੇ ਜਗਤ-ਕਿਆਮ ਦੌਰਾਨ ਕਿਹੜੀਆਂ-ਕਿਹੜੀਆਂ ਸਿਖਰਾਂ ਛੋਹੀਆਂ, ਕੀ ਕੀ ਪੂਰਨੇ ਪਾਏ, ਕਿਹੜੇ ਕਿਹੜੇ ਅੰਬਰ ਹੰਘਾਲੇ, ਇਸ ਸਭ ਕੁਝ ਸੰਬੰਧੀ ਕਿਸੇ ਪੰਜਾਬੀ ਲੇਖਕ ਨੇ ਜੇਕਰ ਥਾਹ ਪਾਉਣ ਦਾ ਸਾਰਥਕ ਜਤਨ ਕੀਤਾ ਹੈ ਤਾਂ ਉਹ ਨਿਰਸੰਦੇਹ ਸਾਡੇ ਮਾਣਮੱਤੇ ਅਤੇ ਸਦਾ ਬਹਾਰ ਕਲਮਕਾਰ ਪ੍ਰੋ. ਕ੍ਰਿਪਾਲ ਸਿੰਘ ਕਸੇਲ ਤੋਂ ਸਿਵਾਏ ਹੋਰ ਕੋਈ ਨਹੀਂ ਹੈ। ਪ੍ਰੋ. ਕਸੇਲ ਹੁਰਾਂ ਨੂੰ ਜੇਕਰ ਪ੍ਰੋ. ਪੂਰਨ ਸਿੰਘ ਦਾ ਸਾਹਿਤਿਕ ਵਾਰਿਸ ਆਖ ਲਿਆ ਜਾਵੇ ਤਾਂ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਦਹਾਕਿਆਂ ਤੋਂ ਜਿਸ ਉਮਾਹ, ਉਤਸ਼ਾਹ, ਲਗਨ, ਤਨਦੇਹੀ, ਸਿਦਕਦਿਲੀ, ਦ੍ਰਿੜਤਾ, ਭਰੋਸੇ ਅਤੇ ਚਾਅ ਨਾਲ ਉਹ ਪ੍ਰੋ. ਪੂਰਨ ਸਿੰਘ ਦੇ ਉਦਾਤ ਕਾਵਿ ਦਾ ਸ਼ਲਾਘਾਯੋਗ ਕਾਵਿ ਰੂਪਾਂਤਰਣ ਕਰਦੇ ਆ ਰਹੇ ਹਨ ਉਹ ਕੋਈ ਇਲਾਹੀ ਕ੍ਰਿਸ਼ਮਾ ਹੀ ਤਾਂ ਹੈ।

ਪ੍ਰੋ. ਪੂਰਨ ਸਿੰਘ ਦੇ ਪੁਨਰ-ਰੂਪ ਜਾਪਦੇ ਪ੍ਰੋ. ਕਸੇਲ ਦਾ ਨਾਂ ਆਪਣੇ ਆਪ ਵਿੱਚ ਹੀ ਇਕ ਯੁਗੀਨ ਅਤੇ ਸੰਸਥਾਗਤ ਨਾਮ ਹੈ। ਬਾਹਰੀ ਦ੍ਰਿਸ਼ਟੀ ਦੇ ਓਝਲ ਹੁੰਦਿਆਂ ਆਂਤਰਿਕ ਜੋਤ ਦੇ ਪ੍ਰਵਾਹਮਾਨ ਹੋਣ 'ਤੇ ਜੋ ਉਪਲਬਧੀਆਂ ਉਨ੍ਹਾਂ ਨੇ ਕੀਤੀਆਂ ਅਤੇ ਜੋ ਨਾਮਣਾ ਅਤੇ ਸ਼ਾਬਾਸ਼ ਉਨ੍ਹਾਂ ਨੇ ਖੱਟੀ ਉਹ ਸਾਬਤ ਸਬੂਤ ਨੇਤਰਾਂ ਵਾਲਿਆਂ ਲਈ ਨਾ ਕੇਵਲ ਇਕ ਚੁਣੌਤੀ ਹੀ ਹੈ ਸਗੋਂ ਕਾਰਜਸ਼ੀਲ ਹੋਣ ਲਈ ਪ੍ਰੇਰਣਾਸ੍ਰੋਤ ਵੀ। ਕਈ ਦਹਾਕੇ ਪਹਿਲਾਂ, ਪੰਜਾਬੀ ਸਾਹਿਤ ਦੀ ਜਦੋਂ ਚੇਟਕ ਲੱਗੀ ਸੀ ਤਾਂ ਜਿਸ ਕਿਤਾਬ ਨੇ ਆਂਤਰਿਕ ਆਪੇ ਨੂੰ ਝੰਜੋੜਿਆ ਤੇ ਗਿਆਨਵੰਤ ਕੀਤਾ ਸੀ ਉਹ ਸੀ 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ'। ਇਸ ਦੇ ਲੇਖਕ ਮਾਨਯੋਗ ਪ੍ਰੋ. ਕਸੇਲ ਅਤੇ ਪ੍ਰੋ. ਪਰਮਿੰਦਰ ਸਿੰਘ ਸਨ। ਡਾ. ਪਰਮਿੰਦਰ ਸਿੰਘ ਦੀ ਕਲਮ ਦੀਆਂ ਜਿੱਥਿ ਨਿਹਾਇਤ ਮੱਧਮ ਕਨਸੋਆਂ ਹਨ ਉਥੇ ਸਾਡੇ ਕਸੇਲ ਸਾਹਿਬ ਦੀ ਕਲਮ ਉਸੇ ਜੋਸ਼ ਖਰੋਸ਼ ਅਤੇ ਰਵਾਨੀ ਨਾਲ ਤੁਰ ਰਹੀ ਹੈ। ਸਤਿਗੁਰੂ ਦੀ ਰਹਿਮਤ ਅਤੇ ਖ਼ੁਦਾਈ ਬਖਸ਼ਿਸ਼ ਵਿੱਚ ਅੱਥਾਹ ਵਿਸ਼ਵਾਸ਼ ਰੱਖਣ ਵਾਲੇ ਪ੍ਰੋ. ਕਸੇਲ ਗੁਰਮਤਿ ਦੇ ਉਸ ਕਥਨ ਦੇ ਸਪੱਸ਼ਟ ਪ੍ਰਮਾਣ ਹਨ ਕਿ ਗੁਰਮੁਖ ਕਦੇ ਬੁੱਢਾ ਨਹੀਂ ਹੁੰਦਾ।

ਚਿੰਤਨ ਦੀ ਗਲੀ ਵਿੱਚ ਪ੍ਰਵਿਸ਼ਟ ਹੋਣ 'ਤੇ ਜਦੋਂ ਸੂਝ ਅਤੇ ਸੋਚ ਨੇ ਕਰਵਟ ਲਈ ਤਾਂ ਮਨ-ਮੰਦਰ ਵਿੱਚ ਸੁਸ਼ੋਭਿਤ ਇਸ ਕੱਦਾਵਰ ਹਸਤੀ ਨੂੰ ਮਿਲ ਕੇ ਵਾਕਈ ਅਨੰਦ ਆ ਗਿਆ। ਹਉਮੈ ਦੇ ਗੁਬਾਰਿਆਂ ਵਰਗੇ ਅਨੇਕ ਲੇਖਕਾਂ ਨੂੰ ਮਿਲ ਮਿਲਾ ਕੇ ਵੱਡੇ ਲੇਖਕਾਂ ਸੰਬੰਧੀ ਬਣੇ ਕਈ ਭਰਮ-ਭੁਲੇਖਿਆਂ ਦਾ ਨਿਵਾਰਣ ਪ੍ਰੋ. ਕਸੇਲ ਹੁਰਾਂ ਦੀ ਵਨਿਮਰ, ਮਿੱਠ ਬੋਲੜੀ, ਆਪਾਵਾਰੂ, ਸਿਦਕੀ, ਗਿਆਨਵਾਨ ਅਤੇ ਰੰਗ ਰੱਤੀ ਸ਼ਖਸੀਅਤ ਨੂੰ ਤੱਕ ਕੇ ਹੋਇਆ।

ਅੱਜ ਬੋਹੜ-ਰੂਪ ਇਹ ਹਸਤੀ ਨਵੀਂ ਪਨੀਰੀ ਲਈ ਉਤਸ਼ਾਹ ਦਾ ਅਮੁੱਕ ਸੋਮਾ ਵੀ ਹੈ ਨਿੱਬੜੀ ਹੈ ਅਤੇ ਨਵੇਂ ਦਿਸਹੱਦਿਆਂ ਦੀ ਧਾਰਨੀ ਵੀ। ਦਾਰਸ਼ਨਿਕਤਾ ਦੀ ਗੰਗਾ, ਰਸਿਕਤਾ ਦੀ ਜਮਨਾ ਨਾਲ ਰਲ ਕੇ ਅਧਿਆਤਮਿਕਤਾ ਦੀ ਸਰਸਵਤੀ ਵਿੱਚ ਪ੍ਰਵਾਹਮਾਨ ਹੁੰਦਿਆਂ ਹੀ ਕਾਵਿ ਕੌਸ਼ਲਤਾ ਦੀ ਤ੍ਰਿਵੈਣੀ ਦਾ ਰੂਪ ਧਾਰ ਲੈਂਦੀ ਹੈ।

ਅਤਿਅੰਤ ਸਾਦ ਮੁਰਾਦੀ ਜਾਪਦੀ ਇਸ ਹਸਤੀ ਅੰਦਰਲੀ ਗਹਿਰ ਗੰਭੀਰਤਾ ਆਤਮੀਅਤਾ, ਵਿਚਾਰਧਾਰਕ ਗਹਿਰਾਈ ਅਤੇ ਕਾਵਿਕ ਡੂੰਘਾਈ ਸੱਚਮੁੱਚ ਪਹਿਲੀ ਨਜ਼ਰੇ ਵਿਅਕਤੀ ਨੂੰ ਚਕ੍ਰਿਤ ਕਰ ਦਿੰਦੀ ਹੈ। ਇਸ ਗੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਕਸੇਲ ਸਾਹਿਬ ਜਿਹੇ ਪ੍ਰਬੁੱਧ ਲੇਖਕ ਕੁਮਾਰਗ 'ਤੇ ਪਈ ਲੁਕਾਈ ਦਾ ਮਾਰਗ-ਦਰਸ਼ਨ ਕਰਨ ਆਉਂਦੇ ਹਨ। ਵਾਕਈ ਇਹ ਰੂਹਾਨੀ ਕਲਮਾਂ ਰਹੱਸਮਈ ਅਸਲੀਅਤਾਂ ਅਤੇ ਅਰਸ਼ਾਂ ਜੋੜੇ ਮਨੁੱਖਾਂ ਦੇ ਉਚੇਰੇ ਕਾਵਿ ਨਾਲ ਸਾਂਝ ਪੁਆ ਕੇ ਪੜ੍ਹਨ ਸੁਣਨ ਵਾਲਿਆਂ ਨੂੰ ਵੀ ਅਰਸ਼ੀ ਮੰਡਲਾਂ ਵਿੱਚ ਲਿਜਾ ਖਲ੍ਹਾਰਦੀਆਂ ਹਨ। ਸਮੁੱਚੇ ਸੰਸਾਰ ਨੂੰ ਆਪਣਾ ਦੇਸ਼ ਸਵੀਕਾਰਨ ਵਾਲਾ ਪ੍ਰੋ. ਪੂਰਨ ਸਿੰਘ ਬਿਨਾਂ ਸ਼ੱਕ ਕਿਸੇ ਸੂਰਜੀ-ਪ੍ਰਕਾਸ਼ ਦੀਆਂ ਅਦਿੱਸ ਕਿਰਨਾਂ ਨੂੰ ਬਿਖੇਰਨ



Namdhari Elibrary NamdhariElibrary@gmail.com

ਵਾਲਾ ਰੱਬੀ ਜਿਉੜਾ ਸੀ ਜਿਸਨੂੰ ਬੁੱਧ ਮਤਿ, ਵੇਦਾਂਤ ਅਤੇ ਗੁਰਮਤਿ ਵਿਚਲੀਆਂ ਸ਼੍ਰੇਸ਼ਟਤਾਵਾਂ ਨੇ ਅਜਿਹਾ ਕਾਵਿ ਲਿਖਣ ਦੇ ਸਮਰੱਥ ਬਣਾਇਆ ਜਿਸ ਦਾ ਰੰਗ, ਢੰਗ, ਰੂਪ, ਵਿਚਾਰ ਗੱਲ ਕੀ ਸੱਭ ਕੁਝ ਨਿਵੇਕਲਾ ਸੀ—ਅਸਲੋਂ ਅੱਲਗ। ਇਸੇ ਅਲੱਗਤਾ ਨੂੰ ਦਹਾਕਿਆਂ ਤੋਂ ਆਪਣੀ ਕਲਮ ਨਾਲ ਬਿਆਨ ਰਿਹਾ ਪ੍ਰੋ. ਕ੍ਰਿਪਾਲ ਸਿੰਘ ਕਸੇਲ ਦੇਖਦਿਆਂ ਹੀ ਦੇਖਦਿਆਂ ਚਰਨ ਛੁਹ, ਲੰਘੇ ਪਹਿਰ ਦਾ ਆਤਮ-ਚਿੰਤਨ, ਮਾਲਾ ਮਣਕੇ, ਅਰਸ਼ੀ ਲਾੜੀ, ਜਗਦੀਆਂ ਜੋਤਾਂ, ਅਲਿਫ ਅੱਖਰ, ਗੀਤ ਗੋਬਿੰਦ ਅਤੇ ਪੰਜਾਬ ਜਿਉਂਦਾ ਗੁਰੂ ਦੇ ਨਾਂ 'ਤੇ ਆਦਿ ਪੁਸਤਕਾਂ ਦਾ ਰਚੇਤਾ ਬਣਦਾ ਚਲੇ ਗਿਆ। ਕਲਾਸਿਕ ਸਾਹਿਤ ਦਾ ਕਾਵਿ ਅਨੁਵਾਦ ਜਾਂ ਪ੍ਰਭਾਵ-ਅਨੁਵਾਦ ਵੀ ਪ੍ਰੋ. ਕਸੇਲ ਦੀ ਰਸਿਕ ਕਲਮ ਦੀ ਛੁਹ ਪਾ ਕੇ ਪੰਜਾਬੀਆਂ ਦੇ ਹਾਣ ਦਾ ਹੋ ਨਿੱਬੜਿਆ ਹੈ :-

ਸਾਰੇ ਰਲ ਕੇ ਅਨਹਦ ਨਾਦ ਵਜਾਓ
ਤੇ ਆਕਾਸ਼ ਤੇ ਧਰਤ ਅੰਦਰ
ਇਸ ਆਤਮ-ਗੀਤ ਨੂੰ ਗਾਓ
ਤੇ ਪਰਮਾਤਮਾ ਦੇ ਤੀਖਣ
ਨਾਦ ਅਨਾਦੀ ਤਾਈਂ
ਆਪਣੀ ਆਤਮਾ ਵਿੱਚ ਰਚਾਓ।

ਹਰਿਮੰਦਰ ਬਾਰੇ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦਾ ਕਾਵਿ-ਅਨੁਵਾਦ ਕਰਦਿਆਂ ਕਿਵੇਂ ਉੱਦਾਤਤਾ ਦੀਆਂ ਸਿਖ਼ਰਾਂ ਛੂਹੀਆਂ ਹਨ।

ਇਸ ਅੰਮ੍ਰਿਤ-ਜਲ ਦੇ ਤਲ ਉਤੇ
ਤਰ ਰਿਹਾ ਹੈ ਸਹਿਜ-ਆਨੰਦ।
ਕੀ ਇਥੇ ਸ਼ਬਦ—ਬ੍ਰਹਮ ਦਾ ਜਨਮ ਹੈ ਹੋਇਆ ?
ਜਾਂ ਫਿਰ ਨਵ-ਸ੍ਰਿਸ਼ਟੀ ਸਿਰਜਨ ਦੇ
ਪ੍ਰਥਮ ਪਹਿਰ ਦਾ ਹੋਇਆ ਪ੍ਰਕਾਸ਼ ?
ਮੈਂ ਤਾਂ ਭਾਵਾਵੇਸ਼ ਦੀ ਮਨੋਦਸ਼ਾ ਵਿੱਚ ਗੁੰਮ ਸੁੰਮ ਹੋਇਆ
ਸੰਗਮਰਮਰ ਦੇ ਫਰਸ਼ ਉਤੇ ਮੱਥਾ ਪਿਆ ਟੇਕਾਂ
ਹਰਮਿੰਦਰ ਦੇ ਪ੍ਰਸਾਦ-ਕਰਮ ਦੇ ਮਧੂ-ਰਸ ਨੂੰ
ਮੈਂ ਬਣ ਮਧੂ ਮੱਖੀ ਹਾਂ ਚਖ ਰਿਹਾ।

ਇਸੇ ਤਰ੍ਹਾਂ 'ਪ੍ਰੇਮ ਹੈ ਮਹਾਨ' ਕਵਿਤਾ ਨੂੰ ਉਲਥਾਉਂਦਿਆਂ ਪ੍ਰੋ. ਕਸੇਲ ਨੇ ਇਸਨੂੰ ਹੋਰ ਵੀ ਮਹਾਨ ਬਣਾ ਦੇਣ ਦਾ ਕ੍ਰਿਸ਼ਮਾ ਕਰ ਦਿਖਾਇਆ ਹੈ :-

ਪ੍ਰੇਮ ਹੈ ਜੀਵਨ
ਇਹ ਹੈ ਰੱਬ ਦੀ ਮੂਰਤ,
ਇਹ ਹੈ ਆਤਮਾ ਦਾ ਆਹਾਰ।
ਇਹ ਹੈ ਮਾਨਵ ਦੀ ਪੋਸ਼ਾਕ।
ਪ੍ਰੇਮ ਬਿਨਾਂ ਉਹ ਨੰਗ-ਮੁਨੰਗ।
ਕਸ਼ਟਾਂ ਲੱਦਿਆ ਲੱਜਾਵਾਨ।

ਪ੍ਰੋ. ਕਸੇਲ ਹੁਰਾਂ ਦੀਆਂ ਬੇਸ਼ਕ ਸਾਰੀਆਂ ਰੂਪਾਂਤਰਿਤ ਅਤੇ ਅਨੁਵਾਦਿਤ ਪੁਸਤਕਾਂ, ਉਨ੍ਹਾਂ ਦੀ ਕਾਵਿਕ-ਉੱਚਤਾ, ਕਾਵਿ-ਤੀਖਣਤਾ, ਕਾਵਿ-ਤੀਬਰਤਾ ਅਤੇ ਕਾਵਿ-ਸ਼ਿੱਦਤ ਦੀਆਂ ਲਿਖਾਇਕ ਹਨ ਪਰੰਤੂ 'ਪੰਜਾਬ ਜਿਉਂਦਾ ਗੁਰੂ ਦੇ ਨਾਂ ਤੇ' ਪੁਸਤਕ ਉਸ ਦੀ ਕਾਵਿਕ-ਬੁਲੰਦੀ ਦੀ ਪ੍ਰਤਿਨਿਧ ਉਦਾਹਰਨ ਆਖੀ ਜਾ ਸਕਦੀ ਹੈ। ਜਿਸ ਵਿੱਚ ਉਨ੍ਹਾਂ ਦੇ ਵਿਸਮਾਦੀ-ਅਨੁਭਵ ਵਿਵਿਧ ਸਿਰਲੇਖਾਂ ਹੇਠ ਰੂਪਮਾਨ ਹੋਏ ਹਨ। ਗੁਰਬਾਣੀ ਦੀ ਤੁਕ-'ਏਵਡੁ ਊਚਾ ਹੋਇ ਕੋਇ, ਤਿਸੁ ਊਚੇ ਕਉ ਜਾਣੈ ਸੋਇ'-ਅਨੁਸਾਰ ਪ੍ਰੋ. ਪੂਰਨ ਸਿੰਘ ਦੇ ਕਾਵਿ-ਸਿਖਰ ਦੀ ਥਾਹ ਕੋਈ ਹੋਰ ਹਾਰੀ ਸਾਰੀ ਨਹੀਂ ਸੀ ਪਾ ਸਕਦਾ, ਕੇਵਲ ਪ੍ਰੋ. ਕਸੇਲ ਜਿਹੇ ਦੈਵੀ ਗਿਆਨ ਦੇ ਜਾਣਨਹਾਰ ਹੀ ਉਸ ਅਲਬੇਲੇ ਕਵੀ ਦੀਆਂ ਅਠਖੇਲੀਆਂ ਨੂੰ ਸਮਝ ਸਕਦੇ ਹਨ ਜੋ ਪੰਛੀਆਂ ਦੀਆਂ ਉਡਾਣਾਂ ਨਦੀਆਂ ਦੀਆਂ ਜਲ ਧਾਰਾਂ ਫੁੱਲਾਂ ਦੀ ਮੰਦ ਮੰਦ ਸੁਗੰਧੀ, ਪੌਣਾਂ ਦੀ ਸਰਸਰਾਹਟ ਅਤੇ ਚਿੜੀਆਂ ਦੀ ਚਹਿਕਾਹਟ ਵਿਚੋਂ ਸਹਿਜੇ ਹੀ ਢੂੰਡਿਆ ਜਾ ਸਕਦਾ ਹੈ। ਸਤਿੰ, ਸ਼ਿਵੰ ਅਤੇ ਸੁਦਰੰ ਨੂੰ ਆਪਣੀ ਕਲਮ ਵਿੱਚ ਸਮੋਈ ਬੈਠਾ ਇਹ ਕਲਮੀ-ਸਾਧਕ ਕੇਵਲ ਇਹੋ ਲੋਚਦਾ ਹੈ :-

ਹੇ ਪ੍ਰਭੂ!
ਮੈਂ ਤੁਹਾਡੀ ਨਦਰ ਕਰਮ ਨੂੰ ਸਦਾ ਲੋਚਦਾ!
ਪ੍ਰਭੂ ਜੀ!
ਮੈਨੂੰ ਆਪਣੇ 'ਨਾਮ' ਦੀ ਦਾਤ ਬਖ਼ਸ਼ੋ!
ਮੈਂ ਤੁਹਾਡੇ ਪ੍ਰੇਮ ਵਿੱਚ ਵਿਚਰਾਂ
ਤੇ ਸਦਾ ਵਿਗਾਸੀ ਜੋਬਨ ਦੇ ਖੇੜੇ ਵਿੱਚ ਵਿਚਰਾਂ!

## ਇਕ ਸ਼ਾਮ-ਮੁਕੇਸ਼ ਦੇ ਨਾਮ

**ਜਲੰਧਰ**—ਸੰਗੀਤ ਕਲਾ ਮੰਚ ਜਲੰਧਰ ਵਲੋਂ 45ਵੀਂ ਸੰਗੀਤ ਸੰਧਿਆ ਪ੍ਰਸਿੱਧ ਗੁਲੂਕਾਰ ਸਵ: ਮੁਕੇਸ਼ ਦੀ ਯਾਦ ਨੂੰ ਸਮਰਪਿਤ "ਇਕ ਸ਼ਾਮ ਮੁਕੇਸ਼ ਦੇ ਨਾਮ" ੧੩ ਮਾਰਚ ਨੂੰ ੩ ਵਜੇ ਤੋਂ ੭ ਵਜੇ ਤੱਕ D.A.V.ET, T ਕਬੀਰ ਨਗਰ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਜਿਸ ਵਿਚ ਪ੍ਰਸਿੱਧ ਸੰਗੀਤਕਾਰ ਗੀਤ, ਗ਼ਜ਼ਲਾਂ ਪੇਸ਼ ਕਰਨਗੇ। ਇਹ ਸੂਚਨਾ ਮੰਚ ਦੇ ਸਕੱਤਰ ਡਾ. ਜੋਗਿੰਦਰ ਬਾਵਰਾ ਨੇ ਅਦਾਰਾ ਵਰਿਆਮ ਨੂੰ ਦਿੱਤੀ।


Namdhari Elibrary NamdhariElibrary@gmail.com

# ਤਬਲੇ ਦਾ ਜਾਦੂਗਰ—ਉਸਤਾਦ ਅੱਲਾ ਰੱਖਾ

*—ਬਲਬੀਰ ਸਿੰਘ ਕੰਵਲ ਯੂ.ਕੇ.*

ਤਬਲਾ ਪੰਜਾਬ ਦਾ ਇਕ ਪੁਰਾਣਾ ਸਾਜ਼ ਹੈ, ਜਿਹੜਾ ਪੰਜ ਦਰਿਆਵਾਂ ਦੀ ਧਰਤੀ ਤੇ ਕੁਝ ਸਦੀਆਂ ਤੋਂ ਵੱਜਦਾ ਚਲਿਆ ਆ ਰਿਹਾ ਹੈ। ਉਂਝ ਤਾਂ ਏਥੇ ਇਸ ਤੋਂ ਪਹਿਲਾਂ ਵੀ ਅਨੇਕ ਮਹਾਨ ਵਜੰਤਰੀ ਪੈਦਾ ਹੋਏ ਹਨ, ਪਰ ਪੰਜਾਬ ਘਰਾਣੇ ਦਾ ਤਬਲਾ ਜੇਕਰ ਸਾਰੀ ਦੁਨੀਆਂ ਵਿਚ ਕਿਸੇ ਨੇ ਪ੍ਰੀਚਤ ਕਰਵਾਇਆ ਹੈ, ਤਾਂ ਉਸਦਾ ਸੇਹਰਾ ਸਿਰਫ ਉਸਤਾਦ ਅੱਲਾ ਰੱਖਾ ਦੇ ਸਿਰ ਹੀ ਬੱਝਦਾ ਹੈ।

ਆਪ ਦਾ ਜਨਮ ਜੰਮੂ ਤੋਂ ਕੋਈ ਅੱਠ ਕੁ ਮੀਲ ਦੀ ਵਿੱਥ ਤੇ ੧੯੧੯ ਵਿਚ ਭਗਵਾਲ ਨਾਮੀਂ ਇਕ ਪਿੰਡ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਹਾਸ਼ਮ ਅਲੀ ਕੁਰੈਸ਼ੀ ਸੀ, ਜਿਹੜੇ ਦਰਮਿਆਨੇ ਜਿਹੇ ਜ਼ਿਮੀਂਦਾਰ ਸਨ। ਜਦੋਂ ਆਪ ਦੀ ਉਮਰ ਤਿੰਨ ਸਾਲ ਦੀ ਹੋਈ ਤਾਂ ਇਨ੍ਹਾਂ ਦਾ ਪਰਿਵਾਰ ਹਿਜਰਤ ਕਰਕੇ ਪਿੰਡ ਰਤਨਗੜ੍ਹ ਜ਼ਿਲ੍ਹਾ ਗੁਰਦਾਸਪੁਰ ਵਿਖੇ ਆ ਗਿਆ ਅਤੇ ਏਥੇ ਖੇਤੀਬਾੜੀ ਕਰਨ ਲਗ ਪਿਆ। ਹੋਸ਼ ਸੰਭਲੀ ਤਾਂ ਆਪ ਦਾ ਦਿਲ ਪੜ੍ਹਨ ਲਿਖਣ ਦੀ ਬਜਾਏ, ਤਬਲਾ ਵਜਾਉਣ ਨੂੰ ਵਧੇਰੇ ਕਰਦਾ। ਕਿਸੇ ਕਾਮਲ ਉਸਤਾਦ ਕੋਲੋਂ ਤਬਲਾ ਸਿੱਖਣ ਦੀ ਧੁਨ ਵਿਚ ਆਪ ਛੋਟੀ ਉਮਰ ਵਿਚ ਹੀ ਘਰੋਂ ਬਾਹਰ ਭੱਜ ਨਿਕਲੇ ਅਤੇ ਪਠਾਨਕੋਟ ਦੀ ਰਾਸਧਾਰੀਆਂ (ਅਸਲ ਸ਼ਬਦ ਰਹੱਸਧਾਰੀ) ਦੀ ਇਕ ਮੰਡਲੀ ਵਿਚ ਨੌਕਰੀ ਕਰ ਲਈ। ਪਿੰਡੋ ਪਿੰਡ ਘੁੰਮਦੇ, ਪੰਜਾਬ ਦੀਆਂ ਲੋਕ ਧੁਨਾਂ ਨੂੰ ਸੁਣਦੇ ਸਮਝਦੇ, ਗਾਉਂਦੇ ਵਜਾਉਂਦੇ ਇਹ ਫਿਰ ਬਟਾਲਾ ਆ ਗਏ, ਜਿਥੇ ਉਸ ਸਮੇਂ ਪੰਜਾਬ ਦਾ ਇਕ ਪ੍ਰਸਿੱਧ ਬੰਦਸ਼ਕਾਰ ਪੰਡਿਤ ਨਾਥ ਰਾਮ ਰੇਹਿ ਰਿਹਾ ਸੀ। ਤਬਲੇ ਦੀ ਮੁੱਢਲੀ ਤਾਲੀਮ ਲਈ ਆਪ ਮੀਆਂ ਕਾਦਰ ਬਖਸ਼ ਲਾਹੌਰ ਵਾਲੇ ਦੇ ਇਕ ਸ਼ਾਗਿਰਦ ਲਾਲ ਮੁਹੰਮਦ ਅਗੇ ਸ਼ੱਕਰ ਰੱਖ ਚੁੱਕੇ ਸਨ। ਹੁਣ ਤੱਕ ਭਾਵੇਂ ਆਪ ਬਹੁਤ ਅੱਛਾ ਵਜਾਉਣ ਲਗ ਪਏ ਸਨ, ਤਾਂ ਵੀ ਸਹੀ ਅਰਥਾਂ ਵਿਚ ਇਲਮ ਦੀ ਤਲਾਸ਼ ਦੀ ਪੂਰੀ ਤਸੱਲੀ ਨਹੀਂ ਸੀ ਹੋ ਰਹੀ। ਇਸ ਲਈ ਆਪ ਨੇ ਉਥੋਂ ਸਿੱਧਾ ਲਾਹੌਰ ਨੂੰ ਰੁੱਖ ਕੀਤਾ, ਜਿਥੇ ਪੰਜਾਬ ਬਾਜ ਦੇ ਮਾਲਿਕ ਉਸਤਾਦ ਕਾਦਰ ਬਖ਼ਸ਼ "ਸਵਾ ਲੱਖ ਉਖਲੀ ਵਾਲੇ" ਰਹਿ ਰਹੇ ਸਨ। ਇਹ ੧੯੩੪ ਦੀਆਂ ਗੱਲਾਂ ਹਨ।

ਉਸ ਸਮੇਂ ਸਾਰੇ ਹਿੰਦੁਸਤਾਨ ਵਿਚ ਉਸਤਾਦ ਕਾਦਰ ਬਖ਼ਸ਼ ਇਕ ਬਹੁਤ ਵੱਡਾ ਨਾਂ ਸੀ। ਜਿਥੋਂ ਤੱਕ ਤਬਲੇ ਦਾ ਸਬੰਧ ਸੀ, ਕਿਸੇ ਵੀ ਵਜੰਤਰੀ ਦੀ ਤਾਲੀਮ ਉਦੋਂ ਤੱਕ ਸੰਪੂਰਨ ਨਹੀਂ ਸੀ ਸਮਝੀ ਜਾਂਦੀ, ਜਦੋਂ ਤੱਕ ਉਸਦੇ ਗੋਡੇ ਨਾ ਛੋਹ ਲਏ ਜਾਣ। ਉਸ ਦੀ ਅੱਲ 'ਸਵਾ ਲੱਖ ਉਖਲੀ ਦੇ ਮਾਲਿਕ' ਵੀ ਏਸੇ ਕਾਰਨ ਹੀ ਪਈ ਸੀ ਕਿ ਉਸ ਵੇਲੇ ਤੱਕ ਇਹ ਖਿਆਲ ਕੀਤਾ ਜਾਂਦਾ ਸੀ ਕਿ ਘੱਟ ਘੱਟ ਇਸਦੇ ਏਨੇ ਕੁ ਸ਼ਾਗਿਰਦ ਹੋ ਚੁੱਕੇ ਹਨ। ਆਪ ਨੂੰ ਰੁਸਤਮਿ-ਹਿੰਦ ਦਾ ਖਿਤਾਬ ਵੀ ਮਿਲਿਆ ਹੋਇਆ ਸੀ। ਇਹ ਸਤਰਾਂ ਪੜ੍ਹ ਕੇ ਪਾਠਕ ਜਨ ਕਿਧਰੇ ਕਿਸੇ ਤਰ੍ਹਾਂ ਦੇ ਭੁਲੇਖੇ 'ਚ ਹੀ ਨਾ ਪੈਣ ਜਾਣ। ਉਨ੍ਹਾਂ ਬਾਰੇ ਅਜਿਹਾ ਪੜ੍ਹ ਕੇ ਕੁਝਨਾਂ ਦੇ ਮਨਾਂ 'ਚ ਅਵੇਸਲਾ ਹੀ ਆ ਸਕਦਾ ਹੈ ਕਿ ਖਬਰੇ ਉਹ ਕੋਈ ਭਲਵਾਨ ਹੋਣਗੇ....ਪਰ ਨਹੀਂ। ਸੰਗੀਤ ਦੀ ਦੁਨੀਆਂ ਵਿਚ ਸ਼ਾਇਦ ਉਹ ਪਹਿਲੇ ਕਲਾਕਾਰ ਸਨ, ਜਿਨ੍ਹਾਂ ਨੂੰ ਇਹ ਖਿਤਾਬ ਇਕ ਰਿਆਸਤ ਤੋਂ ਮਿਲਿਆ ਸੀ ਅਤੇ ਰਹੀ "ਸਵਾ ਲੱਖ ਉਖਲੀ" ਦੇ ਖਿਤਾਬ ਦੀ ਗੱਲ....ਬਾਬਿਓ, ਸੋਚਿਆ ਜਾਏ ਤਾਂ ਤਬਲਾ ਵੀ ਉਂਝ ਉਪਰੋਂ ਖੱਲ ਨਾਲ ਮੜ੍ਹੀ ਹੋਈ ਉਖਲੀ ਹੀ ਤਾਂ ਹੈ ਨਾ।

ਖੈਰ, ਅੱਲਾ ਦੇ ਇਸ ਬੰਦੇ ਦੀ, ਇਲਮ ਦੇ ਇਸ ਮੁਤਲਾਸ਼ੀ ਦੀ ਮੰਜ਼ਲ ਸੀ....ਉਸ ਮਹਾਨ ਵਜੰਤਰੀ ਤੱਕ ਪੁੱਜਣਾ। ਲਾਹੌਰ ਦੀ ਇਕ ਮਸੂਲ ਚੁੰਗੀ ਨੇੜੇ ਇਨ੍ਹਾਂ ਦੇ ਇਕ ਚਾਚੇ ਹਾਕਮ ਅਲੀ ਦੀ ਇਕ ਛੋਟੀ ਜਿਹੀ ਦੁਕਾਨ ਸੀ। ਸੰਗੀਤ ਨਾਲ ਉਸਨੂੰ ਵੀ ਬੜਾ ਲਗਾਓ ਸੀ ਅਤੇ ਉਹ ਆਪਣੇ ਨਾਲ ਹੀ ਇਕ ਡੇਰੇ 'ਤੇਜ਼ਾਬ ਖਾਨੇ' 'ਚ ਸੰਗੀਤ ਦੀਆਂ ਮਹਿਫਲਾਂ, ਜਿਥੇ ਕਿ ਲਾਹੌਰ ਦੇ ਚੋਟੀ ਦੇ ਕੁਝ ਕਲਾਕਾਰ ਆਉਂਦੇ ਜਾਂਦੇ ਰਹਿੰਦੇ ਸਨ, ਸੁਣਨ ਜਾਂਦਾ ਰਹਿੰਦਾ ਸੀ। ਸੰਤੂ ਅਤੇ ਫੱਤੂ ਕੱਵਾਲ ਵੀ ਉਥੇ ਕਾਫੀ ਆਉਂਦੇ ਜਾਂਦੇ ਰਹਿੰਦੇ ਸਨ। ਇਕ ਦਿਨ ਉਥੇ ਘਟਨਾ ਕੀ ਘਟੀ ਕਿ ਫੱਤੂ ਨੇ ਦੀਪ ਚੰਦੀ ਤਾਲ ਦੀ ਇਕ ਬੰਦਸ਼ ਗਾਉਂਦਿਆਂ, ਤਿੰਨ ਚਾਰ ਤਬਾਲਾਂ ਨੂੰ ਉਖੇੜ ਕੇ ਹੀ ਨਹੀਂ ਰਖਿਆ, ਸਗੋਂ ਭਰੀ ਮਹਿਫਲ 'ਚ ਉਨ੍ਹਾਂ ਨੂੰ ਕਾਫੀ ਠਿੱਠ ਵੀ ਕੀਤਾ। ਪੰਦਰਾਂ ਸਾਲੇ ਇਸ ਲੜਕੇ ਨੂੰ ਗਵੱਈਏ ਦੇ ਇਸ ਅਸਭਿਅਕ ਵਤੀਰੇ ਤੇ ਗੁੱਸਾ ਆ ਰਿਹਾ ਸੀ ਅਤੇ ਉਸ ਦਾ ਮਨ ਉਸ ਨਾਲ ਸਾਥ ਕਰਨ ਨੂੰ ਅਹੁਲ ਰਿਹਾ ਸੀ। ਇਸਦਾ ਦਿਲ ਕਹਿ ਰਿਹਾ ਸੀ ਕਿ ਕਿਹੜੀ ਘੜੀ ਛਾਲ ਮਾਰ ਕੇ ਮੈਂ ਤਬਲਾ ਲਵਾਂ ਅਤੇ ਉਸ ਨੂੰ ਫੜਾਂ।



Namdhari Elibrary NamdhariElibrary@gmail.com

"ਕਿਉਂ ਪੁੱਤਰਾ, ਤੂੰ ਇਸ ਨਾਲ ਵਜਾਏਂਗਾ ? "ਚਾਚੇ ਹਾਕਮ ਅਲੀ ਨੇ ਪੁੱਛ ਕੀਤੀ। ਹੋਣਹਾਰ ਕਲਾਕਾਰ ਨੇ ਜਿਸ ਨੂੰ ਆਪਣੀ ਠਾਹ ਦੂਣੀ ਤੇ ਬੜਾ ਨਾਜ਼ ਸੀ, ਉਸਦੀ ਗੱਲ ਬੋਚਦਿਆਂ ਅਗੋਂ ਉੱਤਰ ਦਿੱਤਾ, "ਜ਼ਰੂਰ ਵਜਾਵਾਂਗਾ। ਤੁਸੀਂ ਵਜਾਉਣ ਨੂੰ ਕਹਿੰਦੇ ਹੋ, ਮੈਂ ਇਸ ਨੂੰ ਪਿੰਜ ਸੁੱਟਾਂਗਾ।" ਥੋੜ੍ਹੇ ਸਮੇਂ ਵਿਚ ਹੀ ਇਸਨੇ ਆਪਣੀ ਕਹੀ ਹੋਈ ਗੱਲ ਸਹੀ ਸਾਬਤ ਕਰਕੇ ਵਿਖਾ ਦਿੱਤੀ, ਜਿਸ ਨਾਲ ਲਾਹੌਰ ਦੀਆਂ ਸੰਗੀਤ ਸਫਾਂ 'ਚ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਇਸ ਸ਼ਹਿਰ ਵਿਚ ਅੱਜਕਲ੍ਹ ਇਕ ਅਜਿਹਾ ਛੋਕਰਾ ਤਬਲੀਆ ਆ ਚੁੱਕਾ ਹੈ ਜਿਸਨੇ ਦੀਪ ਚੰਦੀ ਪਿੰਜ ਕੇ ਰੱਖ ਦਿੱਤੀ ਹੈ ਅਤੇ ਜਿਹੜਾ ਇਕ ਵੱਡਾ ਦੰਗਲੀਆ ਵੀ ਹੈ। ਉਨ੍ਹਾਂ ਸਮਿਆਂ 'ਚ ਚੈਂਚਲ ਤਾਲ ਵਜਾਉਣਾ, ਖਾਸ ਕਰਕੇ ਉਸ ਵਿਚ ਖੁੱਲ੍ਹਣਾ, ਇਕ ਮੁਸ਼ਕਲ ਕੰਮ ਸਮਝਿਆ ਜਾਂਦਾ ਸੀ, ਅਤੇ ਫਿਰ ਦੀਪ ਚੰਦੀ 'ਚ ? ਪੁੱਜਦੀ ਪੁੱਜਦੀ, ਧਮਾਕਾ-ਖੇਜ਼ ਇਹ ਖਬਰ ਮੀਆਂ ਕਾਦਰ ਬਖ਼ਸ਼ ਦੇ ਕੰਨਾਂ ਤੱਕ ਆ ਗਈ।

"ਖਾਂ ਸਾਹਿਬ, ਏਥੇ ਅੱਜਕਲ੍ਹ ਅੱਲਾ ਰੱਖਾ ਨਾਂ ਦਾ ਇਕ ਐਸਾ ਮੁੰਡਾ ਆਇਆ ਹੈ, ਜਿਸਨੇ ਦੀਪ ਚੰਦੀ 'ਚ ਐਸੀਆਂ ਐਸੀਆਂ ਤਿਨ ਮਾਰੀਆਂ ਹਨ ਕਿ ਜਿਸਦੀ ਕੋਈ ਹੱਦ ਨਹੀਂ।"

"ਹੈਂ! ਦੀਪ ਚੰਦੀ 'ਚ ? ਤਾਂ ਫਿਰ ਛੇਤੀ ਲਿਆਓ ਉਸਨੂੰ ਮੇਰੇ ਕੋਲ।"

ਇਸ ਨੌਜਵਾਨ ਨੂੰ ਹੋਰ ਕੀ ਚਾਹੀਦਾ ਸੀ ? ਇਹ ਉਥੇ ਪੁੱਜ ਗਿਆ। ਦੁਆ ਸਲਾਮ ਹੋਈ।

"ਕ੍ਹਿਦਾ ਸ਼ਾਗਿਰਦ ਏਂ ?" ਤਬਲੇ ਦੇ ਬਾਬਾ ਬੋਹੜ ਨੇ ਪੁੱਛ ਕੀਤੀ।

"ਤੁਹਾਡਾ"

"ਮੈਂ ਤਾਂ ਤੈਨੂੰ ਕਦੀ ਵੇਖਿਆ ਵੀ ਨਹੀਂ!"

"ਮੈਂ ਜੁ ਤੁਹਾਨੂੰ ਦੇਖਿਆ ਹੈ ਜੀ।"

"ਤੇਰਾ ਤਬਲੇ ਤੇ ਹੱਥ ਕਿਨ੍ਹੇ ਰਖਵਾਇਆ ?"

"ਆਪ ਨੇ,..... ਤੁਸਾਂ।"

ਬਜ਼ੁਰਗ ਅਤੇ ਬਾਲ ਦੇ ਦਰਮਿਆਨ ਇਹ ਵਾਰਤਾਲਾਪ ਕੁਝ ਇਸ ਅੰਦਾਜ਼ 'ਚ ਹੋਈ ਕਿ ਮੀਆਂ ਕਾਦਰ ਬਖ਼ਸ਼ ਦਾ ਦਿਲ ਪਸੀਜ ਗਿਆ ਅਤੇ ਉਸਨੇ ਇਸ ਨੂੰ ਆਪਣਾ ਸ਼ਾਗਿਰਦ ਸਵੀਕਾਰ ਕਰ ਲਿਆ।

ਤਾਲੀਮ ਸ਼ੁਰੂ ਹੋ ਗਈ। ਅੱਠ ਘੰਟਿਆਂ ਤੋਂ ਲੈ ਕੇ ਬਾਰਾਂ ਘੰਟੇ ਰੋਜ਼ਾਨਾ ਰਿਆਜ਼ ਸ਼ੁਰੂ ਹੋ ਗਿਆ। ਉਨ੍ਹਾਂ ਦਿਨਾਂ ਦੀਆਂ ਗੱਲਾਂ ਕਰਦਿਆਂ, ਖ਼ਾਂ ਸਾਹਿਬ ਪੁਰਾਣੀਆਂ ਯਾਦਾਂ ਵਿਚ ਡੁੱਬ ਜਾਂਦੇ ਹਨ ਅਤੇ ਅਤੀਤ ਅਤੇ ਸੰਗੀਤ ਦਾ ਮਿਸ਼ਰਨ ਹੋਣਾ ਸ਼ੁਰੂ ਹੋ ਜਾਂਦਾ ਹੈ। ਬੀਤੇ ਸਮੇਂ ਦੀਆਂ ਪੱਤਰੀਆਂ ਦੀਆਂ ਪੱਤਰੀਆਂ ਖੁਲ੍ਹਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਨ੍ਹਾਂ ਦਿਨਾਂ ਦੇ ਐਸੇ ਐਸੇ ਵਾਕਿਅਤ ਸੁਣਾਉਂਦੇ ਹਨ, ਜਿਨ੍ਹਾਂ ਵਿਚ ਹਿੰਦੁਸਤਾਨ ਦੇ ਸੰਗੀਤ ਦੀ ਤਾਰੀਖ ਛੁਪੀ ਹੋਈ ਹੁੰਦੀ ਹੈ। ਉਨ੍ਹਾਂ ਦਿਨਾਂ ਵਿਚ ਹੀ ਆਪ ਨੂੰ ਲਾਹੌਰ ਹੀ, ਰੇਡੀਓ ਰਿਕਾਰਡ ਕੰਪਨੀ 'ਚ ਪੰਜਾਬੀ ਧੁਨਾਂ ਬਣਾਉਣ ਲਈ ਮਿਊਜ਼ਿਕ ਡਾਇਰੈਕਟਰ ਦੀ ਨੌਕਰੀ ਮਿਲ ਗਈ। ਤਨਖਾਹ ਪੱਚੀ ਰੁਪਏ।

"ਓ ਯਾਰ, ਉਨ੍ਹਾਂ ਪੈਸਿਆਂ 'ਚ ਹੀ ਓਦੋਂ ਐਨੀ ਬਰਕਤ ਹੁੰਦੀ ਸੀ, ਕਿ ਇਹ ਪੱਚੀ ਰੁਪਏ ਹੀ ਮੁੱਕਣ ਵਿਚ ਨਹੀਂ ਸਨ ਆਉਂਦੇ ਹੁੰਦੇ।" ਕਹਿੰਦੇ ਕਹਿੰਦੇ ਖਾਂ ਸਾਹਿਬ ਅਜੋਕੀ ਮਹਿੰਗਾਈ ਦੀ ਬੇਜ਼ੁਬਾਨੀ ਜ਼ੁਬਾਨ 'ਚ ਸਭ ਗੱਲ ਕਹਿ ਰਹੇ ਦਿਖਾਈ ਦੇ ਰਹੇ ਹੁੰਦੇ ਹਨ।

ਲਾਹੌਰ ਵਿਚ ਹੀ ਜਦੋਂ ਰੇਡੀਓ ਸਟੇਸ਼ਨ ਖੁਲ੍ਹਿਆ ਤਾਂ ਉਦੋਂ ਇਹ ਪਹਿਲਾਂ ਮਸਾਂ ਸੌ ਕੁ ਮੀਲ ਤੱਕ ਹੀ ਜਾਂਦਾ ਸੀ...ਉਸ ਵਿਚ ਨੌਕਰੀ ਮਿਲ ਗਈ। ਜਦ ਨੂੰ ਇਨ੍ਹਾਂ ਦੀ ਬੇਹਿਸਾਬੀ ਤਾਰੀਫ਼ ਜਦੋਂ ਦਿੱਲੀ ਦੇ ਰੇਡੀਓ ਡਾਇਰੈਕਟਰ ਜੈੱਡ ਏ. ਬੁਖਾਰੀ ਤੱਕ ਪੁੱਜੀ ਤਾਂ ਉਹ ਇਨ੍ਹਾਂ ਨੂੰ ਉਥੇ ਆਪਣੇ ਕੋਲ ਲੈ ਗਏ। ਨਵੇਂ ਨਵੇਂ ਰੇਡੀਓ ਸਟੇਸ਼ਨ ਖੁੱਲ੍ਹੇ ਸਨ, ਲੋਕਾਂ ਨੂੰ ਸੁਣਨ ਦਾ ਬੜਾ ਚਾਅ ਸੀ। ਉਸ ਸਮੇਂ ਕੁਦਰਤੀ ਦੇਸ਼ ਭਰ ਵਿਚ ਬੜੇ ਬੜੇ ਦਬੰਗ ਗਾਇਕ ਮੌਜੂਦ ਸਨ, ਜਿਵੇਂ ਕਿ ਉਸਤਾਦ ਰਜਬ ਅਲੀ ਖ਼ਾਂ, ਉਸਤਾਦ ਆਸ਼ਕ ਅਲੀ ਖ਼ਾਂ, ਬੜੇ ਗੁਲਾਮ ਅਲੀ ਖ਼ਾਂ, ਤੁਵੱਕਲ ਖ਼ਾਂ, ਪੰਡਿਤ ਵਿਸ਼ਨੂੰ ਦਿਗੰਬਰ, ਕ੍ਰਿਸ਼ਨਾ ਰਾਓ ਅਤੇ ਪੰਡਿਤ ਓਂਕਾਰ ਨਾਥ ਠਾਕਰ ਆਦਿ। ਕੁਝ ਉਸਤਾਦ ਰੇਡੀਓ ਨੂੰ ਉਦੋਂ ਸਣਕੀ ਸੋਚ ਨਾਲ ਵੀ ਲੈਂਦੇ ਸਨ। ਪਟਿਆਲਾ ਘਰਾਣੇ ਦੇ ਸੁਪ੍ਰਸਿੱਧ ਗਾਇਕ ਉਸਤਾਦ ਆਸ਼ਕ ਅਲੀ ਖ਼ਾਂ ਨੂੰ ਰੇਡੀਓ ਤੇ ਗਾਉਣ ਲਈ ਤਰਲੇ ਪਾਏ ਜਾਂਦੇ ਤਾਂ ਉਹ ਫ਼ਕੀਰ ਤਬੀਅਤ ਕਲਾਕਾਰ ਨਿਵੇਦਨ ਕਰਨ ਵਾਲਿਆਂ ਦੀ ਗੱਲ ਵਿਚੋਂ ਹੀ ਝਟਕਾ ਕੇ ਚੁੱਪ ਹੋ ਜਾਂਦਾ, "ਓ ਛੱਡੋ ਯਾਰ। ਰੇਡੀਓ ਵਿਚ ਬਿਜਲੀ ਦੀਆਂ ਤਾਰਾਂ ਸੁਣਿਆ ਬੰਦੇ ਦਾ ਸਾਹ ਸੂਤ ਲੈਂਦੀਆਂ, ਜਿਸ ਨਾਲ ਗਲਾ ਖੁਸ਼ਕ ਹੋ ਕੇ ਸਦਾ ਲਈ ਖਰਾਬ ਹੋ ਜਾਂਦਾ ਹੈ। ਤੁਹਾਡਾ ਖਿਆਲ ਹੈ ਕਿ ਰੇਡੀਓ ਤੇ ਚਹੁੰ ਠੀਕਰੀਆਂ ਪਿਛੇ ਗਾ ਕੇ, ਸਾਰੀ ਉਮਰ ਲਈ ਮੈਂ ਆਪਣਾ ਗਲਾ ਖਰਾਬ ਕਰ ਲਵਾਂ।"

ਲਓ ਭਈ ਕਰ ਲਓ ਗੱਲ। ਸੁਣ ਲਓ ਹਿੰਦੁਸਤਾਨ ਦੇ ਸਿਰਮੌਰ ਸੰਗੀਤਕਾਰ ਨੂੰ। ਏਹੋ ਜਿਹੀਆਂ ਮਿਸਾਲਾਂ ਤਾਂ ਇਕਾ ਦੁੱਕਾ ਸਨ....ਰੇਡੀਓ ਤੇ ਚੰਗੇ ਚੰਗੇ ਗਾਉਣ ਵਜਾਉਣ



Namdhari Elibrary NamdhariElibrary@gmail.com

ਵਾਲਿਆਂ ਦੀਆਂ ਬਾਹਰ ਉਦੋਂ ਕਤਾਰਾਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਸਨ। ...ਪੈਸੇ, ਸ਼ੁਹਰਤ, ਦੂਰ ਦੂਰ ਤੱਕ ਆਪਣੀ ਕਲਾ ਦਾ ਪ੍ਰਦਰਸ਼ਨ, ਆਪਣੇ ਆਪ ਨੂੰ ਰੇਡੀਓ ਆਰਟਿਸਟ ਕਹਾਉਣਾ...ਉਸ ਸਮੇਂ ਇਨ੍ਹਾਂ ਗੱਲਾਂ ਦਾ ਬੜਾ ਵੱਡਾ ਮਤਲਬ ਹੁੰਦਾ ਸੀ। ਉਨੀਂ ਦਿਨੀ ਗਾਇਕਾਂ ਦੀ ਇੱਜ਼ਤ ਤਾਂ ਬਥੇਰੀ ਸੀ, ਪਰ ਤਬਲੀਏ ਜਾਂ ਸਾਰੰਗੀਏ ਨੂੰ ਉਹ ਮੁਕਾਮ ਨਹੀਂ ਸੀ ਦਿੱਤਾ ਜਾਂਦਾ। ਅਤੇ ਫਿਰ ਤਬਲਾ, ਇਕੱਲਾ...ਸੋਲੋ ...ਤੋਬਾ ਮੇਰੀ! ਪਰ ਨਾ ਭਈ ਨਾ...ਅੱਲਾ ਦੇ ਇਸ ਬੰਦੇ ਦੀ ਪ੍ਰਸਿੱਧੀ ਦਾ ਆਲਮ ਹੀ ਕੁਝ ਹੋਰ ਸੀ।

ਅੱਲਾ ਰੱਖਾ ਨੂੰ ਬਤੌਰ ਰੇਡੀਓ ਆਰਟਿਸਟ ਦੇ ਨੌਕਰ ਤਾਂ ਜ਼ਰੂਰ ਰੱਖ ਲਿਆ ਗਿਆ ਸੀ, ਪੈਸੇ ਵੀ ਪੂਰੇ ਮਿਲਦੇ ਸਨ...ਪਰ ਕਰਨ ਨੂੰ ਕੰਮ ਕੋਈ ਨਹੀਂ, ਕਿਉਂਕਿ ਰੇਡੀਓ ਸਟੇਸ਼ਨ ਤੇ ਹੋਰ ਵੀ ਬਥੇਰੇ ਸਟਾਫ ਆਰਟਿਸਟ ਤਬਲਾ ਨਵਾਜ਼ ਸਨ ਜਿਵੇਂ ਕਿ ਬਾਬਾ ਮਲੰਗ ਖ਼ਾਂ, ਉਸਦਾ ਪੁੱਤਰ ਘਾਸਾ, ਮੁਹੰਮਦ ਤੁਫੈਲ ਅਤੇ ਅੱਲਾ ਬਖ਼ਸ਼ ਆਦਿ, ਜਿਹੜੇ ਉਥੇ ਕੰਮ ਚਲਾਈ ਜਾ ਰਹੇ ਸਨ। ਬਗੈਰ ਕਿਸੇ ਕੰਮ ਦੇ ਅੱਲਾ ਰੱਖਾ ਉਦਾਸ ਹੋ ਗਏ।

"ਬੁਖਾਰੀ ਸਾਹਿਬ ਤੁਸੀਂ ਮੈਨੂੰ ਰੱਖ ਤਾਂ ਲਿਆ ਹੈ...ਤਾਂ ਕੰਮ ?"

ਓਏ ਤੇਰੇ ਲਈ ਸੱਠ ਰੁਪਏ ਮਹੀਨੇ ਦੀ ਨੌਕਰੀ ਕੋਈ ਛੋਟੀ ਨੌਕਰੀ ਹੈ ?

"ਨਹੀਂ ਜੀ ਨਹੀਂ, ਗੱਲ ਸਿਰਫ ਰੁਪਿਆਂ ਦੀ ਨਹੀਂ...ਮੈਂ ਵਿਹਲਾ ਨਹੀਂ ਰਹਿ ਸਕਦਾ। ਮੈਨੂੰ ਕੋਈ ਕੰਮ ਦਿਓ।"

"ਓਹ ਭਾਈ ਤੂੰ ਸਾਨੂੰ ਪਿਆਰਾ ਲਗਦਾ ਏਂ—ਅਸੀਂ ਤੈਨੂੰ ਏਥੇ ਲੈ ਆਂਦਾ...ਬਾਕੀ ਰਿਹਾ ਕੰਮ ਦਾ ਉਹ ਤੂੰ ਆਪ ਸੋਚ।"

"ਬੁਖਾਰੀ ਸਾਹਿਬ, ਮੈਨੂੰ ਤਾਂ ਤਬਲਾ ਹੀ ਆਉਂਦਾ, ਉਹ ਸੁਣ ਲਓ।"

"ਉਹ ਤਾਂ ਭਈ ਸਾਨੂੰ ਵੀ ਪਤਾ, ਪਰ ਰੇਡੀਓ ਤੇ ਅਨਾਉਂਸ ਕੀ ਕਰਾਂਗੇ ?" ਤਬਲੇ ਪਰ ਗਤ ਤੋੜਾ ਸੁਣੀਏ... ਹੋਰ ਕੀ ?

ਇਹ ਪ੍ਰੋਗਰਾਮ ਹਫਤੇ 'ਚ ਇਕ ਦਫਾ ਹੋਣਾ ਸ਼ੁਰੂ ਹੋ ਗਿਆ। ਜਿਹੜਾ ਹਰ ਪਾਸਿਉਂ ਬੇਹੱਦ ਸਲਾਹਿਆ ਜਾਂਦਾ। ਇਸ ਦੀ ਸਲਾਹੁਤਾ ਬਾਰੇ ਇਕ ਮਹੀਨੇ ਦੇ ਅੰਦਰ ਅੰਦਰ ਹੀ ਡਾਇਰੈਕਟਰ ਨੂੰ ਐਨੀਆਂ ਕੁ ਚਿੱਠੀਆਂ ਆ ਗਈਆਂ ਕਿ ਸਭ ਹੈਰਾਨ ਸਨ। ਉਨ੍ਹਾਂ ਵਿੱਚ ਆਮ ਤੌਰ ਤੇ ਇਸ ਗੱਲ ਤੇ ਜ਼ੋਰ ਦਿੱਤਾ ਹੁੰਦਾ ਸੀ ਕਿ ਇਹ ਪ੍ਰੋਗਰਾਮ ਹਫਤੇ 'ਚ ਇਕ ਵਾਰ ਨਹੀਂ ਸਗੋਂ ਹਰ ਰੋਜ਼ ਸੰਭਵ ਨਹੀਂ ਤਾਂ ਘੱਟੋ ਘੱਟ ਚਾਰ ਵੇਰ ਤਾਂ ਜ਼ਰੂਰ ਹੋਣਾ ਚਾਹੀਦਾ ਹੈ। 'ਸੋਲੋ' ਪੇਸ਼ ਕਰਨ ਦਾ ਇਹ ਅਸਰ ਹੋਇਆ ਕਿ ਹਰ ਗਾਇਕ ਵਜਾਇਕ ਰੇਡੀਓ ਸਟੇਸ਼ਨ ਤੇ ਪੁੱਜਦਿਆਂ ਸਾਰ, ਨਾਲ ਸਾਥ ਕਰਨ ਲਈ ਇਸ ਕਲਾਕਾਰ ਨੂੰ ਹੀ ਮੰਗਦਾ। ਇਸ ਗੱਲ ਨੂੰ ਹਾਲਾਤ ਦੀ ਤਬਦੀਲੀ ਕਹਿ ਲਓ ਜਾਂ ਕਲਾ ਦਾ ਕ੍ਰਿਸ਼ਮਾ, ਕਿ ਜਿਸ ਕਲਾਕਾਰ ਨੂੰ ਰੇਡੀਓ ਤੇ ਪਹਿਲਾਂ ਕੰਮ ਲੱਭਣਾ ਪੈਂਦਾ ਸੀ, ਉਸਨੂੰ ਹੁਣ ਵਾਰਾ ਪਹਿਰਾ ਨਹੀਂ ਆ ਰਿਹਾ ਅਤੇ ਹਰ ਪਾਸੇ ਉਸਦੀ ਮੰਗ ਕੀਤੀ ਜਾ ਰਹੀ ਹੈ। ਏਥੇ ਗੱਲ ਸਿਰਫ ਇਹ ਨਹੀਂ ਸੀ ਕਿ ਖ਼ਾਂ ਸਾਹਿਬ ਨੇ ਤਬਲਾ ਉਥੇ ਚੰਗਾ ਵਜਾਇਆ ਜਾਂ ਮਾੜਾ....ਗੱਲ ਨਵੇਂ ਘਾਰੇ ਪਾਉਣ ਦੀ ਸੀ...... ਤਬਲੇ ਨੂੰ ਇੱਕ ਉੱਚਾ ਮੁਕਾਮ ਦਵਾਉਣਾ, 'ਸੋਲੋ' ਪੇਸ਼ ਕਰਨ ਦੀ ਪਿਰਤ ਪਾਉਣੀ, ਸਾਡੇ ਸੰਗੀਤ ਵਿੱਚ ਇਕ ਨਵਾਂ ਮੀਲ-ਪੱਥਰ ਗੱਡਣ ਵਾਲੀ ਗੱਲ ਸੀ।

ਦਿੱਲੀ ਆਪ ਨੇ ਫਿਰ ਦੋ ਸਾਲ ਕੱਟੇ, ਜਦ ਨੂੰ ਬੰਬਈ ਰੇਡੀਓ ਸਟੇਸ਼ਨ ਤੇ ਜਾਣਾ ਪੈ ਗਿਆ। ਤਬੀਅਤ ਕਿਉਂਕਿ ਆਜ਼ਾਦਾਨਾ ਸੀ, ਇਸ ਲਈ ਕੁਝ ਸਮੇਂ ਪਿਛੋਂ ਆਪ ਨੇ ਨੌਕਰੀ ਛੱਡ ਦਿੱਤੀ ਅਤੇ ਫਿਲਮ ਇੰਡਸਟਰੀ ਵਿੱਚ ਚਲੇ ਗਏ। ਦੇਸ਼ ਦੇ ਵੰਡਾਰੇ ਤੋਂ ਪਹਿਲਾਂ ਦੀ ਗੱਲ ਹੈ ਕਿ ਸਹਾਰਾ ਦੇ ਪ੍ਰਸਿਧ ਰੁਮਾਂਸ 'ਵਾਮਕ ਅਜ਼ਰਾ' ਫਿਲਮ ਦੇ ਏ. ਆਰ. ਕੁਰੈਸ਼ੀ ਦੇ ਨਾਂ ਹੇਠ ਆਪ ਸੰਗੀਤ ਨਿਰਦੇਸ਼ਕ ਵੀ ਬਣੇ। ਉਦੋਂ ਉਹ ਫਿਲਮ 'ਹਿਟ' ਸਾਬਤ ਹੋਈ। ਇਕ ਹੋਰ ਫਿਲਮ 'ਮਦਾਰੀ' (ਪੰਜਾਬੀ) ਦੇ ਸੰਗੀਤ ਨਿਰਦੇਸ਼ਕ ਵੀ ਆਪ ਹੀ ਸਨ। ਓਮ ਦੀ ਫਿਲਮ ਸੀ ਜਿਸ ਵਿਚ ਧੁਨਾਂ ਆਪ ਦੀਆਂ ਸਨ। ਓਮ ਕਹਿਣ ਲੱਗਾ, "ਯਾਰ ਇੰਡਸਟਰੀ ਵਿੱਚ ਇਕ ਨਵੀਂ ਕੁੜੀ (ਲਤਾ ਮੰਗੇਸ਼ਕਰ) ਅਜਿਹੀ ਆਈ ਹੈ ਜਿਹੜੀ ਸੈੱਟ ਤੇ ਹੀ ਗਾ ਜਾਂਦੀ ਹੈ.... ਉਸਨੂੰ ਕਿਸੇ ਤਰ੍ਹਾਂ ਦੀ ਰੀਹਰਸਲ ਦੀ ਕੋਈ ਲੋੜ ਨਹੀਂ ਪੈਂਦੀ।"

ਉਸ ਦੀ ਇਹ ਗੱਲ ਸੁਣ ਕੇ ਖ਼ਾਂ ਸਾਹਿਬ ਮੁਸਕਰਾ ਪਏ, ਪਰ ਦਿਲ ਵਿੱਚ ਸੋਚ ਰਹੇ ਸਨ ਕਿ ਮੈਂ ਧੁਨਾਂ ਬਣਾਵਾਂ ਅਤੇ ਕੋਈ ਐਨੀ ਆਸਾਨੀ ਨਾਲ ਕੱਢ ਲਏ। ਪਰ ਸਮੇਂ ਸਿਰ ਫਿਰ ਓਹੀ ਗੱਲ ਹੀ ਹੋਈ। ਨਗਮਿਆਂ ਵਿੱਚ ਕੁਝ ਅਜਿਹੀਆਂ ਮੁਸ਼ਕਲ 'ਜਗਾਹ' ਸਨ, ਜਿਨ੍ਹਾਂ ਨੂੰ ਕੱਢਣ ਲਈ ਚਾਰ ਪੰਜ ਦਿਨ ਦੀ ਮਿਹਨਤ ਦਰਕਾਰ ਸੀ। ਖਿਆਲ ਕੀਤਾ ਜਾਂਦਾ ਹੈ ਕਿ ਆਪ ਨੇ ਘੱਟੋ ਘੱਟ ੨੫ ਫਿਲਮਾਂ 'ਚ ਸੰਗੀਤ ਦਿੱਤਾ ਹੈ। 'ਮਾਂ ਬਾਪ' (੧੯੪੩), 'ਘਰ', 'ਮਾਂ ਬਾਪ ਕੀ ਲਾਜ', 'ਮਹਾਂਸਤੀ ਅਨਸੂਈਆ', 'ਵਾਮਕ ਅਜ਼ਰਾ', 'ਸਬਕ', 'ਬੇਵਫ਼ਾ' ਅਤੇ 'ਮਦਾਰੀ' ਆਪ ਦੀਆਂ ਕੁਝ ਕੁ ਪ੍ਰਸਿੱਧ ਫਿਲਮਾਂ ਹਨ, ਜਿਨ੍ਹਾਂ



Namdhari Elibrary NamdhariElibrary@gmail.com

ਨੇ ਆਪਣੇ ਆਪਣੇ ਸਮੇਂ ਸਿਲਵਰ ਜੁਬਲੀਆਂ ਮਨਾਈਆਂ ਅਤੇ ਜਿਨ੍ਹਾਂ ਦੇ ਅਨੇਕ ਗਾਣੇ 'ਹਿੱਟ' ਸਾਬਤ ਹੋਏ। ਉਂਜ ਕਹਿਣ ਨੂੰ ਕੀ ਕਰਨਾ ਹੈ, ਫਿਲਮ 'ਮਦਾਰੀ' ਵਰਗਾ ਸੰਗੀਤ ਤੁਹਾਨੂੰ ਕਿਥੋਂ ਮਿਲੇਗਾ। ਉਨ੍ਹਾਂ ਸਮਿਆਂ 'ਚ ਉਸ ਜਿੰਨੀ ਫਿਲਮ ਕੋਈ ਹੋਰ ਨਹੀਂ ਸੀ ਚੱਲੀ। ਮੁੱਖ ਆਕਰਸ਼ਨ ਉਸਦੇ ਗਾਣੇ ਸਨ–"ਨਾਲੇ ਲੰਮੀ ਤੇ ਨਾਲੇ ਕਾਲੀ, ਹਾਏ ਵੇ ਚੰਨਾ ਇਹ ਤਾਂ ਰਾਤ ਜੁਦਾਈਆਂ ਵਾਲੀ", "ਰੱਸੀ ਉਤੇ ਟੰਗਿਆ ਦੁਪੱਟਾ ਮੇਰਾ ਡੋਲਦਾ", "ਜਿਹੜਾ ਅੱਜ ਲਿਆ ਕੇ ਦੇਵੇ ਕੱਚ ਦੀਆਂ ਚੂੜੀਆਂ", "ਮੈਂ ਕੋਈ ਝੂਠ ਬੋਲਿਆ", "ਬਾਰੀ ਖੋਲ੍ਹ ਕੇ ਯਾਰੀ ਦੀ ਲਾਜ ਰੱਖ ਲੈ", "ਮਿੱਤਰਾਂ ਨੂੰ ਦੇ ਦਰਸ਼ਨ", "ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ, ਇਕ ਦੇ ਮੈਂ ਦੋ ਜੰਮਦੀ" (ਇਹ ਗਾਣਾ ਨੌਂ ਮਿੰਟ ਦਾ ਹੈ)। ਇਨ੍ਹਾਂ ਦੀਆਂ ਕੁਝ ਕੁ ਪ੍ਰਸਿੱਧ ਧੁਨਾਂ ਹਨ, ਜਿਨ੍ਹਾਂ ਨੇ ਆਪਣੇ ਆਪਣੇ ਸਮੇਂ ਤੜਥੱਲੀਆਂ ਮਚਾ ਦਿੱਤੀਆਂ ਸਨ।

ਤਬਲੇ ਦੇ ਖੇਤਰ ਵਿੱਚ, ਹੁਣ ਤੱਕ ਖ਼ਾਂ ਸਾਹਿਬ ਦਾ ਭਾਵੇਂ ਬਹੁਤ ਨਾਂ ਹੋ ਚੁੱਕਾ ਸੀ, ਤਾਂ ਵੀ ਬੰਗਾਲ ਦੇ ਕੁਝ ਕਲਾਕਾਰਾਂ, ਖਾਸ ਕਰਕੇ ਉਸਤਾਦ ਮਸੀਤ ਖਾਂ ਵਰਗਿਆਂ ਨੂੰ ਅਜੇ ਵੀ ਇਹ ਵਹਿਮ ਸੀ ਕਿ ਉਨ੍ਹਾਂ ਦਾ ਮੁਕਾਬਲਾ ਕੋਈ ਵੀ ਨਹੀਂ ਕਰ ਸਕਦਾ। ਉਂਜ ਵੀ ਸਾਰੇ ਦਾ ਸਾਰਾ ਬੰਗਾਲ ਉਨ੍ਹਾਂ ਦਾ ਸ਼ਾਗਿਰਦ ਸੀ। ਫ਼ਰੁਖਾਬਾਦ ਘਰਾਣੇ ਦੀ ਬਾਜ ਦਾ ਇਹ ਖ਼ਲੀਫ਼ਾ ਉਂਜ ਵੀ ਕਲਕੱਤਾ ਨੂੰ ਹੁਣ ਆਪਣਾ ਘਰ ਬਣਾ ਚੁੱਕਾ ਸੀ। ਉਸਨੇ ਆਪਣੇ ਬੇਟੇ ਕਰਾਮਤੁਲਾ ਖਾਂ ਨੂੰ ਬਹੁਤ ਤਿਆਰ ਕੀਤਾ ਹੋਇਆ ਸੀ। ਉਸਤਾਦ ਮਸੀਤ ਖਾਂ ਅਤੇ ਅੱਲਾ ਰੱਖਾ ਦੇ ਉਸਤਾਦ ਕਾਦਰ ਬਖ਼ਸ਼ ਦੀ ਆਪਸ ਵਿਚੀਂ ਘਰਾਣਾਦਾਰੀ ਲਾਗਡਾਟ ਵੀ ਚਲਦੀ ਆ ਰਹੀ ਸੀ। ਉਧਰੋਂ ਅੱਲਾ ਰੱਖਾ ਦਾ ਦਿਲ ਵੀ ਅਹੁਲ ਰਿਹਾ ਸੀ ਕਿ ਮਸੀਤ ਖਾਂ ਦੇ ਟੱਬਰ ਨਾਲ ਟੱਕਰ ਲੈ ਕੇ, ਇਕ ਵਾਰ ਕੱਟਾ ਕੱਟੀ ਕੱਢ ਹੀ ਲਿਆ ਜਾਏ।

ਕੁਦਰਤ ਬੜੀ ਸਾਜ਼ਗਾਰ ਹੈ। ੧੯੪੯ ਵਿੱਚ ਕਲਕੱਤੇ ਆਲ-ਬੰਗਾਲ ਮਿਊਜ਼ਕ ਕਾਨਫਰੰਸ ਹੋ ਰਹੀ ਸੀ। ਅੱਲਾ ਰੱਖਾ ਨੂੰ ਗੱਲ ਦੇ ਨਬੇੜੇ ਲਈ ਇਸ ਤੋਂ ਚੰਗਾ ਕੋਈ ਹੋਰ ਮੌਕਾ ਨਾ ਦਿਸਿਆ। ਦੰਗਲ, ਉਹ ਵੀ ਉਨ੍ਹਾਂ ਕਲਾਕਾਰਾਂ ਦੀ ਸਰਜ਼ਮੀਨ 'ਚ ਆਪਣੇ ਘਰ, ਕਲਕੱਤੇ, ਜਿਥੇ ਉਨ੍ਹਾਂ ਦੀ ਇਕ ਤਰਾਂ ਨਾਲ ਪੂਜਾ ਵਰਗੀ ਮਾਨਤਾ ਸੀ।

ਖ਼ਾਂ ਸਾਹਿਬ, ਕਲਕੱਤਾ ਪੁੱਜ ਗਏ। ਇਨ੍ਹਾਂ ਦੀ ਪਹਿਲੀ ਜੁਗਲਬੰਦੀ, ਕਰਾਮਤੁਲਾ ਖ਼ਾਂ ਨਾਲ ਹੋਈ। ਮਸੀਤ ਖ਼ਾਂ ਹੋਰੀਂ ਆਪਣੇ ਬੇਟੇ ਦੇ ਬਿਲਕੁਲ ਮੁੱਢ ਤਲਵਾਰਨੁਮਾ ਡਾਂਗ ਲੈ ਕੇ ਨਾਲ ਬੈਠ ਗਏ। ਕਰਾਮਤ ਨੂੰ ਇਹ ਤਾੜਨਾ ਪਹਿਲਾਂ ਹੀ ਕਰ ਦਿੱਤੀ ਗਈ ਸੀ, "ਮੁਕਾਬਲੇ ਸਮੇਂ ਤਬਲਾ ਵਜਾਉਂਦਿਆਂ ਜਿੱਥੇ ਹੀ ਤੇਰਾ ਹੱਥ ਰੁੱਕਿਆ, ਇਹ ਡਾਂਗ ਤੇਰੇ ਸਿਰ ਵਿੱਚ ਧਹਿ ਦੇਣੀ ਪਏਗੀ.....ਤੇਰੀ 'ਮਟਕੀ' ਭੰਨਣ ਲਈ।"

ਖੈਰ ਮੁਕਾਬਲਾ ਸ਼ੁਰੂ ਹੋਇਆ। ਸਾਢੇ ਸੱਤ ਘੰਟੇ ਚਲਦਾ ਰਿਹਾ। ਦੋਹਾਂ ਧਿਰਾਂ ਦੇ ਪਸੀਨੇ ਛੁੱਟ ਰਹੇ ਸਨ। ਕਿਤੇ, ਕਰਾਮਤ ਆਪਣੇ ਅਤਿ ਨਰਮ ਗੁਦਾਜ਼ ਹੱਥ ਨਾਲ ਤਬਲੇ ਤੇ ਪਿੜੀਆਂ ਬੁਣੀ ਜਾ ਰਿਹਾ....ਕਈ ਕਿਸਮ ਦੀਆਂ ਕਰਾਮਾਤਾਂ ਕਰੀ ਜਾ ਰਿਹਾ ਸੀ, ਜਦਕਿ ਅੱਲਾ ਰੱਖਾ ਦਾ ਹੱਥ ਕੋਮਲਤਾ ਉਪਰੰਤ ਕਰਾਰਾ ਬਹੁਤ ਸੀ। ਓੜਕ ਮੈਦਾਨ ਪੰਜਾਬ ਦੇ ਇਸ ਤਬਾਲ ਦੇ ਹੱਥ ਰਿਹਾ। ਹਲਾਲਲਾ ਹੋ ਗਈ। ਦੂਜੇ ਦਿਨ ਦੀਆਂ ਸਭ ਅਖਬਾਰਾਂ ਅੱਲਾ ਰੱਖਾ ਦੇ ਨਾਂ ਨਾਲ ਭਰੀਆਂ ਪਈਆਂ ਸਨ। ਉਸ ਘਟਨਾ ਤੋਂ ਬਾਅਦ ਭਾਰਤ ਭਰ 'ਚੋਂ ਕਿਸੇ ਵੀ ਤਬਲਾ ਨਵਾਜ਼ ਨੇ ਇਨ੍ਹਾਂ ਨਾਲ ਮੁਕਾਬਲਾ ਕਰਨ ਦੀ ਫਿਰ ਕਦੇ ਨਹੀਂ ਸੋਚੀ।

੧੯੫੮ 'ਚ ਜਦ ਕਿ ਆਪ ਦੀ ਕਲਾ ਦਾ ਡੰਕਾ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਵੱਜ ਚੁੱਕਾ ਸੀ, ਆਪ ਪੰਡਿਤ ਰਵੀ ਸ਼ੰਕਰ ਜੀ ਦੇ ਨਾਲ ਰਲ ਗਏ, ਧੁਰ ਦਰਗਾਹਾਂ ਦੇ ਸਾਥ ਲਈ, ਬਾਹਰਲੀ ਦੁਨੀਆਂ ਦੇ ਦਿਸ-ਹੱਦਿਆਂ ਨੂੰ ਸਰ ਕਰਨ ਲਈ ਬਾਹਰਲੇ ਦੇਸ਼ਾਂ ਦੀਆਂ ਵੱਖੋ ਵੱਖਰੀਆਂ ਰਾਜਧਾਨੀਆਂ ਅਤੇ ਕਲਾਂ-ਕੇਂਦਰਾਂ 'ਚ ਪ੍ਰੋਗਰਾਮ ਪੇਸ਼ ਕੀਤੇ ਅਤੇ ਦੁਨੀਆਂ ਵਾਲਿਆਂ ਨੂੰ ਪੰਜਾਬ ਘਰਾਣੇ ਦੇ ਤਬਲੇ ਨਾਲ ਪ੍ਰੀਚਤ ਕਰਵਾਇਆ।

ਸੰਗਤ ਕਰਨ ਸਮੇਂ ਖ਼ਾਂ ਸਾਹਿਬ ਕਿਸੇ ਤਰ੍ਹਾਂ ਦੀ ਲੜੰਤ-ਭਿੜੰਤ ਨੂੰ ਠੀਕ ਨਹੀਂ ਸਮਝਦੇ.....ਬਸ ਸਿਧਾ ਸਾਦਾ ਠੇਕਾ, ਪਰ ਅਗਲੇ 'ਚ ਕਿਸੇ ਤਰਾਂ ਦਾ ਅੱਖਵਲ ਅਨੁਭਵ ਕਰ ਲੈਣ ਤਾਂ ਉਸ ਨਾਲ ਨਕਦ ਹਿਸਾਬ ਕਿਤਾਬ ਕਰਨ ਵਿੱਚ ਵੀ ਢਿੱਲ ਨਹੀਂ ਕਰਦੇ। ਇਕ ਤਰ੍ਹਾਂ ਨਾਲ ਇਹ ਗੱਲ ਠੀਕ ਵੀ ਹੈ, ਕਿਉਂਕਿ ਇਲਮ ਦੇ ਕੰਮ ਵਿੱਚ ਕਿਸੇ ਨਾਲ ਕਿਸੇ ਤਰ੍ਹਾਂ ਦਾ ਉਧਾਰ ਵੀ ਕਾਹਦਾ ?

ਇਕ ਵੇਰ ੧੯੬੨ ਦੀ ਗੱਲ ਹੈ। ਲਾਹੌਰ ਦੀ ਇਕ ਇਤਿਹਾਸਕ ਮਹਿਫਲ ਵਿਚ ਜਦੋਂ ਏਹੋ ਜਿਹੀ ਭਾਵਨਾ ਉਥੋਂ ਦੇ ਇਕ ਪ੍ਰਸਿੱਧ ਸਿਤਾਰ ਨਵਾਜ਼ ਦੀਆਂ ਅੱਖੀਆਂ 'ਚ ਪੜ੍ਹੀ ਤਾਂ ਇਹ ਝੱਟ ਮੁਕਾਬਲੇ ਤੇ ਉਤਰ ਆਏ। ਭਰੀ ਮਹਿਫਲ ਵਿਚ ਉਸ ਨੂੰ ਉਹ ਠਿੱਠ ਕੀਤਾ ਕਿ ਕੀ ਗੱਲਾਂ। "ਉਹ ਭਈ, ਮੈਂ ਤੇਰੀਆਂ ਦਸ ਕਹਿਨਾ, ਤੂੰ ਮੇਰੀ ਇਕ ਹੀ ਕਹਿ ਕੇ ਵਿਖਾ।" ਰਾਜਾ ਗਜ਼ਨਫਰ ਅਲੀ ਖਾਂ, ਜਿਹੜੇ ਉਸ ਮਹਿਫਲ ਵਿਚ ਮੀਰ ਮਹਿਮਾਨ ਸਨ, ਪੁੱਛਣ ਲੱਗੇ, "ਉਹ ਭਈ ਅੱਜ ਤੂੰ


Namdhari Elibrary NamdhariElibrary@gmail.com

ਕਿਥੇ ਏਂ ? ਤੇਰੀ ਸਿਤਾਰ ਨੂੰ ਅੱਜ ਕੀ ਹੋ ਗਿਆ ਹੈ ?"

ਅੱਜ ਤੋਂ ਕਈ ਵਰ੍ਹੇ ਪਹਿਲਾਂ ਦੀ ਗੱਲ ਹੈ। ਮੇਰੇ ਦਿਲ ਵਿਚ ਖਿਆਲ ਆਇਆ ਕਿ ਇਹ ਕਲਾਕਾਰ ਸਾਡੇ ਪੰਜਾਬ ਦੀ ਇਕ ਤਾਰੀਖਸਾਜ਼ ਸ਼ਖਸੀਅਤ ਹਨ, ਕਿਉਂ ਨਾ ਇਨ੍ਹਾਂ ਤੇ ਇਕ ਛੋਟੀ ਮੋਟੀ ਡਾਕੂਮੈਂਟਰੀ ਬਣਾ ਲਈ ਜਾਏ। ਸੋ ਇਸ ਕੰਮ ਲਈ ਇਕ ਦਿਨ ਮਿੱਥ ਲਿਆ। ਬੜੇ ਥੋੜ੍ਹੇ ਜਿਹੇ ਨੋਟਿਸ ਤੇ ਹੀ, ਇੰਗਲੈਂਡ ਭਰ ਦੇ ਚੀਦਾ ਚੀਦਾ ਸੰਗੀਤ ਰਸੀਏ, ਟੁੱਟ ਕੇ ਪੈ ਗਏ। ਲੈਅ ਦੇ ਸ਼ਹਿਨਸ਼ਾਹ ਉਸਤਾਦ ਦੇ ਨਾਲ ਸਵਰਾਂ ਦਾ ਬਾਦਸ਼ਾਹ ਉਸਤਾਦ ਸੁਲਤਾਨ ਖਾਂ ਸਾਰੰਗੀ ਨਵਾਜ਼ ਵੀ ਸੁਭਾਇਮਾਨ ਸਨ। ਉਸਤਾਦ ਸਲਾਮਤ ਅਲੀ ਖਾਂ ਦੇ ਇਕ ਸ਼ਾਗਿਰਦ ਵਿਦਾ ਹੁਸੈਨ ਨੇ ਇਜਾਜ਼ਤ ਮੰਗ ਕੇ ਮਹਿਫਲ ਦਾ ਆਗਾਜ਼ ਕੀਤਾ। ਜਿਸ ਨਾਲ ਅੱਲਾ ਰੱਖਾ ਦੇ ਤੇਰਾਂ ਸਾਲਾ ਇਕ ਸ਼ਾਗਿਰਦ ਕਾਕਾ ਹਰਦੀਪ ਸਿੰਘ ਨੇ ਤਬਲੇ ਤੇ ਸੰਗਤ ਕੀਤੀ। ਇਸ ਤੋਂ ਬਾਅਦ ਉਸਤਾਦ ਸੁਲਤਾਨ ਖਾਂ ਨੇ ਇਕ ਛੋਟਾ ਜਿਹਾ ਅਲਾਪ ਕਰਕੇ, ਤਿੰਨ ਤਾਲ ਦਾ ਲਹਿਰਾ ਲਾਇਆ। ਉਸਤਾਦ ਤਬਲਾ ਨਵਾਜ਼ ਨੇ ਕੋਈ ਘੰਟਾ ਕੁ ਤਬਲੇ ਤੇ ਆਪਣਾ ਕਮਾਲ ਵਿਖਾਇਆ। ੧੬ ਮਾਤਰਿਆਂ ਵਿਚ ੧੨, ੨੪ ਜਾਂ ੬ ਹਿੱਸੇ ਤਾਂ ਆਮ ਤਬਲਾ ਨਵਾਜ ਕਰਦੇ ਹੀ ਹਨ, ਪਰ ਇਸ ਮੌਕੇ ਤੇ ਖਾਂ ਸਾਹਿਬ ਨੇ ੧੬ ਮਾਤਰਿਆਂ ਦੇ ੫ ਹਿੱਸੇ ਕਰਕੇ ਦੱਸੇ ਜੋ ਉਨ੍ਹਾਂ ਦੇ ਦਿਮਾਗ ਦੇ ਗਣਿਤ ਦੇ ਖਾਨੇ ਦੀ ਗਹਿਰਾਈ ਦੇ ਸੂਚਕ ਸਨ। ਸੂਝਵਾਨ ਸਰੋਤਿਆਂ ਨੇ ਉਂਗਲਾਂ ਮੂੰਹ ਵਿਚ ਪਾ ਲਈਆਂ ਜਦ ਉਨ੍ਹਾਂ ਨੇ ੧੬ ਮਾਤਰਿਆਂ ਦੇ ਚੱਕਰ ਦੇ ੫ ਕਾਲ ਤੇ ਹਰ ਕਾਲ ਦੀ ਲੰਬਾਈ ੩$^{1}/_{5}$ ਹਿੱਸੇ ਕਰਕੇ ਵਿਖਾਈ। ਤਬਲਾ ਕਾਹਦਾ ਵੱਜ ਰਿਹਾ ਸੀ, ਜਾਪ ਰਿਹਾ ਸੀ ਕਮਰੇ ਵਿਚ ਜਿਵੇਂ ਸੰਗੀਤ ਦਾ ਇਕ ਸ਼ੂਕਦਾ ਸਾਗਰ ਠਾਠਾਂ ਮਾਰ ਰਿਹਾ ਹੈ। ਮੇਰੇ ਜ਼ਿਹਨ ਵਿਚ ਉਸ ਵੇਲੇ ਮਿਰਜ਼ਾ ਗ਼ਾਲਿਬ ਦਾ ਇਹ ਸ਼ਿਅਰ ਨਾ ਜਾਣੇ ਕਿਥੋਂ ਆਣ ਕੇ ਟਿਕ ਗਿਆ ਸੀ—

"ਹੋ ਜਹਾਨ ਗਰਮ ਗ਼ਜ਼ਲ ਖਾਨੀ ਨਫ਼ਸ
ਲੋਗ ਜਾਨੇ ਤਬਲਾਇ ਗਬਰ ਖੁਲ੍ਹਾ।"

ਅਖੀਰ ਵਿਚ ਮਹਾਨ ਉਸਤਾਦ ਨੇ ਆਪਣੇ ਉਸਤਾਦ ਆਸ਼ਕ ਅਲੀ ਖਾਂ ਦੀਆਂ ਠੁਮਰੀਆਂ ਸੁਣਾਈਆਂ, ਜਿਨ੍ਹਾਂ ਵਿਚ ਇਕ ਮਿਸ਼ਰ ਪੀਲੂ ਦੀ ਸੀ। ਉਸ ਪਿਛੋਂ ਬੰਬਈ ਵਿਚ ਆਪਣੀਆਂ ਫ਼ਿਲਮਾਂ ਲਈ ਬਣਾਈਆਂ ਕੁਝ ਧੁਨਾਂ ਗਾਈਆਂ ਖਾਸ ਕਰਕੇ, ਇਕ ਵਿਚ ਉਨ੍ਹਾਂ ਆਪਣੀ ਉਹ ਚੀਜ਼ ਵੀ ਗਾਈ, ਜਿਸਦੀ ਤਾਨਾਂ ਦੀ ਨਕਲ ਲਗਪਗ ਸਾਰੀ ਫ਼ਿਲਮ ਇੰਡਸਟਰੀ ਨੇ ਕੀਤੀ—

ਅਸਾਂ ਤੱਕਿਆ ਮਾਹੀ ਨੂੰ ਪਹਿਲੀ ਵਾਰ,
ਉਹ ਅੱਖ ਮਿਲਾ ਕੇ, ਗੱਲਾਂ ਵਿਚ ਪਾ ਕੇ

ਮਹਿਫਲ ਖਤਮ ਹੋਣ ਉਪਰੰਤ, ਖਾਂ ਸਾਹਿਬ ਦੇ ਇਹ ਸ਼ਬਦ ਸਨ—"ਰਾਗ ਗਾਏ ਨਹੀਂ ਜਾਤੇ-ਸੁਨਾਏ ਜਾਤੇ ਹੈਂ।"

ਖਾਂ ਸਾਹਿਬ ਦੇ ਹੁਣ ਤੱਕ ਪੈਂਤੀ ਐਲ.ਪੀ. ਤਿਆਰ ਹੋ ਚੁੱਕੇ ਹਨ, ਜਿਨ੍ਹਾਂ ਵਿਚੋਂ ਦਸ ਦੇ ਕਰੀਬ ਸੋਲੋ ਹਨ। ਅਜੇ ਪਿਛੇ ਜਿਹੇ ਹੀ ਜਿਹੜਾ ਇਕ ਰਿਕਾਰਡ ਪਿਓ-ਪੁੱਤਰ (ਖ਼ਾਂ ਸਾਹਿਬ ਅਤੇ ਜ਼ਾਕਰ) ਨੇ ਇਕੱਠਿਆਂ ਭਰਵਾਇਆ ਸੀ, ਉਸਦੀ ਵਿਕਰੀ ਐਨੀ ਤਾਬੜਤੋੜ ਸਿੱਧ ਹੋਈ ਕਿ ਕੰਪਨੀ ਵਾਲਿਆਂ ਨੇ ਇਨ੍ਹਾਂ ਨੂੰ ਗੋਲਡ ਡਿਸਕ ਦੇ ਕੇ ਸਨਮਾਨਿਤ ਕੀਤਾ। ਜ਼ਾਕਰ ਤੋਂ ਛੁਟ ਖਾਂ ਸਾਹਿਬ ਨੇ ਆਪਣੇ ਛੋਟੇ ਪੁੱਤਰਾਂ ਫ਼ਜ਼ਲ ਕੁਰੈਸ਼ੀ ਅਤੇ ਤੌਫੀਕ ਨੂੰ ਵੀ ਤਿਆਰ ਕੀਤਾ ਹੈ, ਜਿਹੜੇ ਅੱਜਕਲ੍ਹ ਬਾਹਰਲੇ ਦੇਸ਼ਾਂ ਵਿਚ ਵੀ ਪ੍ਰੋਗਰਾਮ ਪੇਸ਼ ਕਰਨ ਆਉਂਦੇ ਜਾਂਦੇ ਰਹਿੰਦੇ ਹਨ। ਹੋਰ ਤਾਂ ਹੋਰ, ਫ਼ਜ਼ਲ ਦਾ ਹੀ ਕੋਈ ਮੁਕਾਬਲਾ ਨਹੀਂ। ਇਨ੍ਹਾਂ ਦੀ ਸਿੱਧੀ ਸਾਦੀ ਬੇਬੇ ਦੇ ਕਥਨ ਅਨੁਸਾਰ, "ਇਹ ਅੱਲਾ ਮੀਆਂ ਦਾ ਕਰਮ ਹੈ ਕਿ ਮੇਰੇ ਸਾਰੇ ਪੁੱਤਰ ਆਏ ਦਿਨ ਜਹਾਜ਼ਾਂ 'ਚ ਹੀ ਸਵਾਰ ਰਹਿੰਦੇ ਹਨ।"

ਪੰਜਾਬ ਘਰਾਣੇ ਦਾ ਤਬਲਾ, ਜਿਹੜਾ ਕਦੇ ਅਕਬਰ ਦੇ ਸਮੇਂ ਲਾਲਾ ਭਵਾਨੀ ਦਾਸ ਤੋਂ ਸ਼ੁਰੂ ਹੋਇਆ ਸੀ, ਅੱਜ ਸਾਰੀ ਦੁਨੀਆਂ ਵਿਚ ਛਾਇਆ ਹੋਇਆ ਹੈ। ਮੀਆਂ ਫ਼ਕੀਰ ਬਖਸ਼ ਤੱਕ ਤਾਂ ਇਸਦੇ ਕਲਾਕਾਰ ਪਖਾਵਜੀਏ ਹੀ ਹੁੰਦੇ ਸਨ, ਪਰ ਮੀਆਂ ਕਾਦਰ ਬਖਸ਼ ਨੇ ਇਹ ਕੰਮ ਕੀਤਾ ਕਿ ਪਖਾਵਜ ਦੇ ਖੁਲ੍ਹੇ ਬਾਜ ਨੂੰ ਬੰਦ ਕਰਕੇ ਵਜਾਇਆ। ਜਿਹੜੀ ਗੱਲ ਉਸਤਾਦ ਅੱਲਾ ਰੱਖਾ ਦੇ ਹਿੱਸੇ ਆਈ, ਉਹ ਇਹ ਸੀ ਕਿ ਇਸਨੇ ਆਉਣ ਵਾਲੀਆਂ ਨਸਲਾਂ ਲਈ ਵੀ, ਆਸਾਨ ਤਾਲਾਂ ਤੋਂ ਲੈ ਕੇ ਕੁਝ ਮੁਸ਼ਕਲ ਤਾਲਾਂ ਤੱਕ ਵੀ ਰਿਕਾਰਡ ਭਰਵਾ ਕੇ ਸੰਗੀਤ ਦੇ ਖਜ਼ਾਨੇ ਨੂੰ ਭਰਪੂਰ ਕੀਤਾ।

ਇਹ ਸਭ ਕੁਝ ਹੁੰਦਿਆਂ ਵੀ, ਇਸ ਕਲਾਕਾਰ ਬਾਰੇ ਕੁਝ ਗੱਲਾਂ ਵਾਦ-ਵਿਵਾਦ ਵਾਲੀਆਂ ਵੀ ਹਨ ਜਿਵੇਂ ਕਿ ਜੈਡ.ਏ. ਬੁਖਾਰੀ ਦੇ ਕਥਨ ਅਨੁਸਾਰ, "ਇਹ ਫਨਕਾਰ, ਉਸਤਾਦ ਕਾਦਰ ਬਖਸ਼ ਕੋਲ ਬਹੁਤ ਚਿਰ ਨਹੀਂ ਰਿਹਾ। ਹਾਂ ਉਸ ਕੋਲੋਂ ਦੋ ਚਾਰ ਚੀਜ਼ਾਂ ਸਿੱਖੀਆਂ, ਜ਼ਿਹਨ ਬਰੀਕ ਸੀ, ਇਸ ਲਈ ਬਸ ਫਿਰ.......।"

ਐਨੀ ਸ਼ੁਹਰਤ ਪ੍ਰਾਪਤ ਕਰ ਚੁੱਕੇ ਕਲਾਕਾਰ ਬਾਰੇ,



Namdhari Elibrary NamdhariElibrary@gmail.com

ਜਿੰਨੇ ਮੂੰਹ ਓਨੀਆਂ ਗੱਲਾਂ। ਕਰਤਾ ਦੇ ਖਿਆਲ ਅਨੁਸਾਰ ਇਸ ਬਾਰੇ ਉਸਤਾਦ ਸਲਾਮਤ ਅਲੀ ਖਾਂ ਦਾ ਵਿਚਾਰ ਵਧੇਰੇ ਢੁੱਕਵਾਂ ਜਾਪਦਾ ਹੈ, "ਇਹ ਕਲਾਕਾਰ ਤਬਲੇ ਦੀ ਸ਼ਾਇਰੀ ਕਰਦਾ ਹੈ।"

ਭਾਵੇਂ ਕੁਝ ਵੀ ਹੈ, ਮੈਂ ਤਾਂ ਕੇਵਲ ਇਹ ਆਖ ਸਕਦਾ ਹਾਂ ਕਿ ਇਸ ਦੀਆਂ ਉਂਗਲੀਆਂ ਵਿਚੋਂ ਅੰਮ੍ਰਿਤ ਟਪਕਦਾ ਹੈ। ਉਂਜ ਵੀ ਬੜਾ ਦਰਵੇਸ਼ ਅਤੇ ਸਾਈਂ ਲੋਕ ਇਨਸਾਨ ਹੈ। ਖੁਸ਼ ਖੁਰਾਕ ਵੀ ਹੈ। ਸਾਗ ਗੋਸ਼ਤ, ਭਿੰਡੀ ਗੋਸ਼ਤ ਅਤੇ ਸਾਗ ਤੜਕਾ ਇਸਦੇ ਚਹੇਤੇ ਖਾਣੇ ਹਨ। ਤਬਲੇ ਦੇ ਇਸ ਜਾਦੂਗਰ ਦੀ ਸ਼ਖ਼ਸੀਅਤ ਦੇ ਕਿਹੜੇ ਕਿਹੜੇ ਪੱਖ ਦੀ ਸਿਫਤ ਕਰੀਏ। ਕਰਤਾ ਕੋਲ ਉਨ੍ਹਾਂ ਦੀ ਰੀਕਾਰਡ ਆਵਾਜ਼ ਲਗਭਗ ਪੰਜਾਹ ਕੁ ਘੰਟੇ ਦੀ ਹੈ। ਕਈ ਵੇਰ ਦਿਲ ਕਰਦਾ ਹੈ ਕਿ ਇਨ੍ਹਾਂ ਤੇ ਇਕ ਸੰਪੂਰਨ ਕਿਤਾਬ ਲਿਖ ਦਿੱਤੀ ਜਾਏ। ਐਵੇਂ ਥੋੜ੍ਹੀਆਂ ਜਿਹੀਆਂ ਸਤਰਾਂ 'ਚ ਉਨ੍ਹਾਂ ਦੀ ਤਾਰੀਫ਼ ਨਹੀਂ ਕੀਤੀ ਜਾ ਸਕਦੀ।

ਬਿਆਂ ਹੋ ਕੈਸੇ ਉਸ ਕੀ ਇਛਾਈਆਂ,
ਹੈ ਨਾਮ ਅੱਲਾ ਰੱਖਾ ਕਹੋ ਅੱਲਾ ਰੱਖਾ।

ਹੈ ਤਬੀਅਤ ਭੀ ਅੱਛੀ, ਹੁਨਰ ਭੀ ਨਿਰਾਲਾ,
ਵੋਹ ਬੋਲੋਂ ਕਾ ਪਾਲਾ, ਵੋਹ ਲਯ ਕਾ ਜਿਆਲਾ।
ਤਬੀਬਿ-ਗਿਨਾ ਹੈ, ਵੋਹ ਤਬਲੇ ਕਾ ਸ਼ਾਇਰ,
ਹੈ ਕਾਬੂ ਮੇਂ ਤਾਲ ਉਸਕੇ, ਸੁਰ ਦੇਖਾ ਭਾਲਾ।

(ਮੁਹੰਮਦ ਅਯੂਬ ਔਲੀਆ)

੨੦ ਨਵੰਬਰ ੧੯੯੪ ਨੂੰ ਵਾਲਥਮਫੌਰੈਸਟ (ਲੰਡਨ) ਦੇ ਮੇਅਰ ਨੇ ਆਪ ਨੂੰ ਜਦੋਂ ਉਚੇਚੇ ਤੌਰ ਤੇ ਸਨਮਾਨਤ ਕੀਤਾ, ਤਾਂ ਉਸ ਸਮੇਂ ਲੇਖਕ ਦੀਆਂ ਦੋਵੇਂ ਨਜ਼ਮਾਂ ਜਿਹੜੀਆਂ ਕਿ ਉਰਦੂ ਅਤੇ ਅੰਗਰੇਜ਼ੀ ਜ਼ੁਬਾਨ 'ਚ ਸਨ, ਨੂੰ ਸਰੋਤਿਆਂ ਵਲੋਂ ਰੱਜ ਰੱਜ ਕੇ ਦਾਦ ਮਿਲੀ। ਕੁਝ ਸ਼ਿਅਰ ਹਾਜ਼ਰ ਹਨ :

ਕਿਆ ਕਹਿਨਾ ਇਸਕਾ ਯਾਰੋ,
ਤਬਲੇਂ ਕੇ ਪੀਰ ਕਾ।
ਯੇਹ ਤੋ ਸਫੀਰ ਹੈ ਬਸ,
ਬਰਿ-ਸਗੀਰ ਕਾ।
ਅੰਮ੍ਰਿਤ ਟਪਕਤਾ ਹੈ,
ਇਸਕੀ ਉਂਗਲੀਉਂ ਸੇ।
ਹੈ ਹਾਥ ਇਸਕਾ ਯਾਰੋ,
ਬੇਨਜ਼ੀਰ ਕਾ।

He is 'Rishi' of the old mountains,
A hermit of the snow-capped Himalayan hills.
The pupil of Ashiq Ali and Qadir Bux,
Their exalted and throny place he fills !
Whatever beat he plays it is a yeast-
For, he is the Ambassador of the East.

Life-long companion of Pt. Ravi Shankar,
Who preaches the language of Love ;
Should we call him the dove of peace ?
Or anything else, I don't know, by Jove.
All Menuhins, the Beatles, give him a treat-
For, he is the Ambassador of the East.

He has enhanced the Punjabi style so much,
And has raised its standard so sky-high,
That your imagination can't reach those summits,
Even your eagle-like eyes can't pry.
Listening to his Tabla is a sumptuous feast-
For, he is the Ambassador of the East.

Sometimes his instrument coos like a cuckoo,
At times, it will roar like a turbulent river.

Sometimes you get some bliss and warmth,
Sometimes you have simply to shiver.
He can evoke any 'Rasa' (Emotion), with his beats
For, he is the Ambassador of the East.

(From author's long poem-Ustad Alla Rakha The Ambassador of the East)

ਤਬਲੇ ਦਾ ਜਾਦੂਗਰ ਆਖਿਰ ੩ ਫਰਵਰੀ ੨੦੦੦ ਵਾਲੇ ਦਿਨ ਰੱਬ ਨੂੰ ਪਿਆਰਾ ਹੋ ਗਿਆ।


Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

**and**

**Makers of High quality Biscuits**

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84  Fax :— +91-40--4530475*

*E-mail:amber @hd1.vsnl.net.in*

**Balvinder Pal Singh** *Manging Director*  **Lakhbir Singh Muchhal** *Director*  **Bakhshish Singh Muchhal** *Director*




Namdhari Elibrary NamdhariElibrary@gmail.com

# ਪਰਸੰਸਾ ਦੇ ਬੇ-ਬੋਲ ਸ਼ਬਦ

*—ਵਰਿਆਮ ਸਿੰਘ ਸੰਧੂ*

'ਸੰਗੀਤ ਦੀ ਸਮਝ' ਦੇ ਪੱਖੋਂ ਮੈਂ ਬਿਲਕੁਲ ਅਨਪੜ੍ਹ ਹਾਂ, ਪਰ ਨਾਲ ਹੀ ਸੋਚਦਾ ਹਾਂ ਕਿ ਗੋਦੀ ਵਿੱਚ ਪਿਆ ਹੋਇਆ ਛੋਟਾ ਜਿਹਾ ਬੱਚਾ ਜਦੋਂ ਰੋਂਦਾ ਹੈ ਤਾਂ ਮਾਂ ਉਸਨੂੰ ਲੋਰੀ ਦਿੰਦੀ ਹੈ ਤੇ ਉਹ ਰੋਂਦਾ ਹੋਇਆ ਬੱਚਾ ਮਾਂ ਦੀ ਲੋਰੀ ਸੁਣ ਕੇ ਜਦੋਂ ਚੁਪ ਕਰ ਜਾਂਦਾ ਹੈ ਤਾਂ ਉਸਨੂੰ ਕਿਹੜੇ ਸੰਗੀਤ ਦੇ ਅਰਥ ਆਉਂਦੇ ਹੁੰਦੇ ਨੇ। ਇਸ ਸੰਗੀਤ ਸਮਾਰੋਹ ਵਿੱਚ ਮੈਂ ਵੀ ਆਪਣੇ ਆਪਨੂੰ ਸੰਗੀਤ ਦੀ ਗੋਦੀ ਵਿੱਚ ਬੈਠਾ ਹੋਇਆ ਛੋਟਾ ਜਿਹਾ ਨਿਆਣਾ ਬਾਲ ਸਮਝ ਰਿਹਾ ਹਾਂ, ਜਿਸਦਾ ਅੰਦਰਲਾ ਹਾਲਾਤ ਦੇ ਵਿਭਿੰਨ ਦਬਾਵਾਂ ਅਤੇ ਤਣਾਵਾਂ ਸਦਕਾ ਰੋਂਦਾ ਵੀ ਪਿਆ ਹੈ, ਚੀਕਦਾ ਚਿਲਾਉਂਦਾ ਵੀ ਪਿਆ ਹੈ, ਜਿਸਦੇ ਮਨ ਵਿੱਚ ਉੱਬਲਦਾ ਹੋਇਆ ਸ਼ੋਰ ਵੀ ਹੈ ਪਰ ਸੰਗੀਤ ਦੀਆਂ ਮਧੁਰ ਧੁਨਾਂ ਦੀ ਇਹ 'ਮਾਂ ਲੋਰੀ' ਮੇਰੇ ਅੰਦਰਲੇ ਰੌਲੇ ਨੂੰ ਚੁੱਪ ਕਰਾਉਂਦੀ ਹੈ, ਬਲਦੇ ਮਨ ਨੂੰ ਸ਼ਾਂਤ ਕਰਦੀ ਹੈ, ਮੇਰੇ ਅੰਦਰਲੇ ਨੂੰ ਠੰਢ ਪਾਉਂਦੀ ਹੈ। ਇਹ ਮੇਰੇ ਇਕੱਲੇ ਦੇ ਅੰਦਰਲੇ ਨੂੰ ਠੰਢ ਨਹੀਂ ਪਾਉਂਦੀ ਇਹ ਸਾਰੇ 'ਜਲਦੇ ਹੋਏ ਜਗਤ' ਨੂੰ ਠੰਢ ਪਾਉਣ ਵਾਲੀ ਸੰਗੀਤ ਦੀ ਲੋਰੀ ਹੈ। ਇਹ ਸੰਗੀਤ, ਜੋ ਸਾਡੀ ਪਰੰਪਰਾ ਤੇ ਮਾਣਯੋਗ ਵਿਰਾਸਤ ਹੈ, ਜਿਸਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੁਚੇਤ ਰੂਪ ਵਿੱਚ ਸਿਖਾਉਣ, ਸਮਝਾਉਣ ਤੇ ਪ੍ਰਚਾਰਨ ਪ੍ਰਸਾਰਨ ਦਾ ਜਥੇਬੰਦਕ ਉੱਦਮ ਕੀਤਾ ਹੈ। ਮੈਂ ਤਾਂ ਇਹ ਵੀ ਸਮਝਦਾ ਹਾਂ ਸਿੱਖੀ ਦੀ ਜਿਹੜੀ ਧੁਰ ਹੇਠਲੀ ਨੀਂਹ ਹੈ, ਉਹ ਸੰਗੀਤ ਹੀ ਹੈ। ਕਿਹਾ ਜਾਂਦਾ ਹੈ ਕਿ ਸਿੱਖੀ 'ਖੰਡੇ ਦੀ ਧਾਰ' 'ਚੋਂ ਜਨਮੀ ਹੈ। ਗੁਸਤਾਖ਼ੀ ਨਾ ਸਮਝਣਾ ਜੇ ਮੈਂ ਇਹ ਆਖਾਂ ਕਿ ਸਿੱਖੀ ਸੰਗੀਤ ਵਿਚੋਂ ਪੈਦਾ ਹੋਈ ਹੈ। ਸਤਿਗੁਰੂ ਨਾਨਕ ਦੇਵ ਜੀ ਜਿਥੇ ਵੀ, ਜਿਸ ਦੇ ਵੀ ਮਨ ਵਿੱਚ ਵੀ ਸੁੱਚੇ ਵਿਚਾਰ ਬੀਜਣਾ ਚਾਹੁੰਦੇ ਸਨ, ਉਥੇ ਹੀ ਆਖਿਆ ਕਰਦੇ ਸਨ, "ਮਰਦਾਨਿਆ! ਰਬਾਬ ਵਜਾਇ"........ ਤੇ ਫਿਰ ਸ਼ਬਦ ਤੇ ਸੰਗੀਤ ਦੀ ਵਰਖ਼ਾ ਹੁੰਦੀ ਸੀ। ਮੈਲ ਧੁਪਦੀ ਜਾਂਦੀ ਸੀ। ਮਨ ਦੀ ਲਿਸ਼ਕ ਚਿਲਕੋਰਾਂ ਮਾਰ ਉੱਠਦੀ ਸੀ। ਇਸ ਲਿਸ਼ਕ ਵਿੱਚ ਬਾਬੇ ਦੇ ਬੋਲਾਂ ਦੇ ਨਕਸ਼ ਲਹਿਰਾਉਂਦੇ ਸਨ। ਇਹੋ ਹੀ ਕਾਰਨ ਹੈ, ਜਿਵੇਂ ਸਾਡੇ ਸ਼ਾਇਰ ਨੇ ਕਿਹਾ ਹੈ, ਬਾਬਰ ਦਾ ਰਾਜ ਰੇਤ ਉੱਤੇ ਸੀ ਤੇ ਨਾਨਕ ਦਾ ਰਾਜ ਰੂਹਾਂ ਉੱਤੇ ਸੀ।

ਮੇਰੇ ਖਿਆਲ ਵਿੱਚ ਇਹ ਸੰਗੀਤ ਹੀ ਹੈ ਜੋ ਸਾਡੇ ਅੰਦਰਲੇ ਨਦੀਨ ਨੂੰ ਪੁੱਟਦਾ ਹੈ, ਸਾਡੇ ਅੰਦਰਲੇ ਨੂੰ ਵਾਹੁੰਦਾ ਹੈ, ਘਾਹ-ਫੂਸ ਪੁੱਟ ਕੇ ਸਾਫ਼ ਕਰਦਾ ਹੈ, ਅੰਦਰਲੇ ਨੂੰ ਸਿੰਝਦਾ ਹੈ ਤੇ ਇਸਨੂੰ 'ਨਿਰ-ਵਿਚਾਰ' ਕਰਕੇ ਅੰਦਰਲੇ ਸ਼ੋਰ ਨੂੰ ਸ਼ਾਂਤ ਕਰਕੇ ਸਾਡੇ ਮਨ ਵਿੱਚ ਸਮਝ ਬੀਜਦਾ ਹੈ, ਸੁੱਚੇ ਵਿਚਾਰ ਬੀਜਦਾ ਹੈ। 'ਸੰਗੀਤ ਅਤੇ ਸਮਝ' ਜਾਂ 'ਸੰਗੀਤ ਅਤੇ ਸ਼ਬਦ ਦੀ ਸਾਂਝ ਸਿੱਖੀ ਵਿੱਚ ਸਤਿਗੁਰੂ ਨਾਨਕ ਦੇਵ ਜੀ ਤੋਂ ਚੱਲੀ ਆ ਰਹੀ ਹੈ। ਸਿੱਖੀ ਵਿਹਾਰ ਵਿਚ ਲੋੜੀਂਦੇ ਪਰਿਵਰਤਨ ਸਮੇਂ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਸ੍ਰੀ ਅਕਾਲ ਤਖ਼ਤ ਤੋਂ ਢਾਡੀ ਵਾਰਾਂ ਦਾ ਗਾਇਨ ਆਰੰਭ ਕਰਵਾ ਕੇ ਸੰਗੀਤ ਤੇ ਸਮਝ ਦੀ ਪਰੰਪਰਾ ਨੂੰ ਅੱਗੇ ਤੋਰਿਆ ਸੀ ਗੁਰਬਾਣੀ ਤਾਂ ਹੈ ਹੀ ਸਾਰੀ ਰਾਗਾਂ ਵਿੱਚ।

ਅੱਜ ਸਿੱਖੀ ਦੀ ਇਸ ਅਮੀਰ ਵਿਰਾਸਤ ਨੂੰ ਸੰਗੀਤ ਅਤੇ ਜ਼ਿੰਦਗੀ ਦੀ ਸਮਝ ਨੂੰ ਆਪਣੇ ਨਾਲ ਨਾਲ ਲੈ ਕੇ ਚੱਲ ਰਹੇ ਨੇ ਸਤਿਗੁਰੂ ਜਗਜੀਤ ਸਿੰਘ ਜੀ। ਉਹਨਾਂ ਨੇ ਸਿੱਖੀ ਪਰੰਪਰਾ ਦੀ ਉਸ ਜੋਤ ਨੂੰ ਅੱਗੇ ਤੋਂ ਅੱਗੇ ਜਗਾਇਆ ਹੈ। ਸੰਗੀਤ ਦੀ ਛਹਿਬਰ ਲਾਉਣ ਵਾਲੇ ਭਾਈ ਬਲਜੀਤ ਸਿੰਘ ਤੇ ਸਾਥੀ ਅਤੇ ਸੰਗਤ ਵਿੱਚ ਬੈਠੇ ਸੰਗੀਤ ਦੀ ਡੂੰਘੀ ਸਮਝ ਰੱਖਣ ਵਾਲੇ ਇਹ ਸਭ ਲੋਕ ਉਹ ਰੌਸ਼ਨ ਚਿਰਾਗ਼ ਹਨ ਜਿਹਨਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਦਾ ਚਾਨਣ ਹੈ.......ਤੇ ਇੰਝ ਪੀੜੀ ਦਰ ਪੀੜੀ ਪਿਛੇ ਤੁਰਦਿਆਂ ਇਸ ਵਿੱਚ ਗੁਰੂ ਨਾਨਕ ਦੇਵ ਜੀ ਦਾ ਦਿੱਤਾ ਚਾਨਣ ਹੈ। ਇਸ ਤਰ੍ਹਾਂ ਮੈਨੂੰ ਤਾਂ ਇਹ ਲੱਗਦਾ ਹੈ ਕਿ ਇਹਨਾਂ ਕਲਾਕਾਰਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਆਤਮਾ ਹੈ। ਉਹਨਾਂ ਦੀ ਹੀ ਜੋਤ ਜਗਦੀ ਪਈ ਹੈ। ਅੱਜ ਗੁਰੂ ਰੂਪ ਆਪ ਇਸ ਸੰਗਤ ਦੇ ਵਿੱਚ, ਆਪਣੇ ਕਲਾਕਾਰਾਂ ਵਿੱਚ ਵਿਦਮਾਨ ਨੇ।



Namdhari Elibrary NamdhariElibrary@gmail.com

ਮੈਂ ਧੰਨ ਧੰਨ ਹਾਂ ਕਿ ਇਹਨਾਂ ਕਲਾਕਾਰਾਂ ਦੇ ਰੂਪ ਵਿੱਚ ਮੈਨੂੰ ਸਤਿਗੁਰੂ ਜਗਜੀਤ ਸਿੰਘ ਹੋਰਾਂ ਦੇ ਦਰਸ਼ਨ ਹੋਏ ਨੇ......ਮੈਨੂੰ ਮੇਰੇ ਬਾਬੇ ਨਾਨਕ ਦੇ ਦਰਸ਼ਨ ਹੋਏ ਨੇ।

(ਬੋਲੇ ਸੋ ਨਿਹਾਲ.......ਸਤਿ ਸ੍ਰੀ ਅਕਾਲ ਦਾ ਜੈਕਾਰਾ)

ਮੇਰੇ ਕੋਲ ਸ਼ਬਦ ਬਹੁਤ ਛੋਟੇ ਹਨ, ਸੰਗੀਤ ਦੀ ਕਲਾ ਬਹੁਤ ਉੱਚੀ ਹੈ। ਸਤਿਗੁਰਾਂ ਦਾ ਨਾਮ ਬਹੁਤ ਉੱਚਾ ਹੈ। ਉਸ ਸ਼ੋਭਾ ਤੱਕ ਪਹੁੰਚਣਾ ਮੇਰੇ ਲਈ ਅਸੰਭਵ ਹੈ। ਮੈਨੂੰ ਕੁਝ ਨਹੀਂ ਪਤਾ ਤਬਲਾ ਕੀ ਹੈ, ਵਾਇਲਨ ਕੀ ਹੈ, ਸਾਜ਼ ਕੀ ਹੈ।........ਮੈਂ ਬਿਲਕੁਲ ਅਨਪੜ੍ਹ ਆਦਮੀ ਹਾਂ। ਕੀਤੇ ਗਾਇਨ ਦੀ ਵਿਆਖਿਆ ਕਰਨੀ ਮੇਰੇ ਲਈ ਬਹੁਤ ਔਖੀ ਹੈ। ਮੈਂ ਤਾਂ ਇਸਨੂੰ ਅਨੁਭਵ ਕਰ ਸਕਦਾ ਹਾਂ, ਨਿੱਕੀ ਨਿੱਕੀ ਕਣੀ ਵਿੱਚ ਭਿੱਜਦੀ ਧਰਤੀ ਵਾਂਗ ਮੈਂ ਇਸ ਛਹਿਬਰ ਵਿੱਚ ਭਿੱਜਿਆਂ ਹਾਂ। ਪਰ ਧਰਤੀ ਵਾਂਗ ਹੀ ਬੇ-ਬੋਲ ਹਾਂ। ਮੇਰੇ ਪੌਤਿਆਂ ਤੋਂ ਧੁਪ ਗਈ ਧੂੜ, ਨਿੱਖਰ ਆਈ ਹਰਿਆਵਲ ਖਿੜੀ ਡੋਡੀ ਦਾ ਫੁੱਲ ਬਣ ਜਾਣ ਦਾ ਅਹਿਸਾਸ ਹੀ ਮੈਨੂੰ ਸਰਸ਼ਾਰ ਕਰ ਰਿਹਾ ਹੈ। ਮੇਰੇ ਅਣਬੋਲੇ ਬੋਲ ਹੀ ਇਸ ਸੰਗੀਤ-ਦਰਬਾਰ ਦੇ ਸ਼ੋਭਾ ਸ਼ਬਦ ਹਨ। ਫਿਰ ਵੀ ਇਕ ਗੱਲ ਆਖਣੀ ਚਾਹਾਂਗਾ ਕਿ ਜਦੋਂ ਸੰਗੀਤ ਦਰਬਾਰ ਹੁੰਦੇ ਹਨ ਤਾਂ ਇਕ ਜਥੇ ਦਾ ਦੂਜੇ ਜਥੇ ਨਾਲ ਤੇ ਇਕ ਜਥੇ ਵਿਚਲੇ ਸਾਥੀਆਂ ਦਾ ਜਿੱਥੇ ਆਪਸੀ ਸਹਿਯੋਗ ਤੇ ਸੰਗਤ ਹੁੰਦੀ ਹੈ ਉਥੇ ਆਪਸ ਵਿੱਚ ਇਕ ਖ਼ਾਮੋਸ਼ ਮੁਕਾਬਲਾ ਚੱਲਦਾ ਰਹਿੰਦਾ ਹੈ। ਭਾਈ ਬਲਜੀਤ ਸਿੰਘ ਹੁਰਾਂ ਦੀ ਸੰਗਤ ਵਿੱਚ ਉਹਨਾਂ ਦਾ ਹੀ ਛੋਟਾ ਜਿਹਾ ਭੁਝੰਗੀ ਤਬਲਾ ਵਾਦਕ ਫਤਹਿ ਸਿੰਘ ਜਦੋਂ ਪੂਰੇ ਜ਼ੋਰ ਨਾਲ, ਪੂਰੀ ਮੁਹਾਰਤ ਨਾਲ, ਪੂਰੀ ਕਲਾ ਤੇ ਤਾਣ ਨਾਲ ਆਪਣੇ ਵੱਡਿਆਂ ਨਾਲ ਭਿੜ ਰਿਹਾ ਸੀ ਤਾਂ ਮੈਂ ਆਨੰਦਤ ਹੋ ਰਿਹਾ ਸਾਂ। ਮੈਨੂੰ ਲੱਗ ਰਿਹਾ ਸੀ ਇਕ ਪਾਸੇ ਤਾਂ ਵੱਡੇ ਵੱਡੇ ਰੁਸਤਮੇਂ ਹਿੰਦ ਨੇ....ਕਿੱਕਰ ਸਿੰਘ ਜਿਹੇ ਵੱਡੇ ਵੱਡੇ ਭਲਵਾਨ ਤੇ ਦੂਜੇ ਪਾਸੇ ਇਕ ਛੋਟਾ ਜਿਹਾ ਅਲੂੰਆਂ ਬੱਚਾ ਮੈਦਾਨ ਵਿੱਚ ਨਿੱਤਰਿਆ ਹੈ ਮੁਕਾਬਲੇ 'ਤੇ ਪਰ ਜਿਸ ਖ਼ੂਬਸੂਰਤੀ ਨਾਲ ਉਹ 'ਵੱਡੇ ਭਲਵਾਨਾਂ' ਨਾਲ ਸਾਵਾਂ ਭਿੜਿਆ ਹੈ.....ਸਵਾਦ ਆ ਗਿਆ। ਸਤਿਗੁਰੂ ਕਿਰਪਾ ਕਰਨ ਸਾਡਾ ਇਹ ਛੋਟਾ ਬੱਚਾ ਵੀ ਆਉਣ ਵਾਲੇ ਦਿਨਾਂ ਵਿੱਚ ਸੰਗੀਤ ਦਾ 'ਰੁਸਤਮੇਂ ਹਿੰਦ' ਬਣੇ। ਸਤਿਗੁਰੂ ਜੀ ਦੀ ਇਹਨਾਂ 'ਤੇ ਅਪਾਰ ਕਿਰਪਾ ਹੈ। ਸੰਗਤ ਦਾ ਆਸ਼ੀਰਵਾਦ ਇਹਨਾਂ ਦੇ ਨਾਲ ਹੈ।

ਮੈਂ ਧੰਨਵਾਦੀ ਹਾਂ ਆਪਣੇ ਪਰਮ ਮਿੱਤਰ ਸ. ਜਗਦੀਸ਼ ਸਿੰਘ ਹੋਰਾਂ ਦਾ, ਜਿਹਨਾਂ ਨੇ ਮੈਨੂੰ ਮੌਕਾ ਦਿੱਤਾ ਸੰਗਤ ਵਿੱਚ ਆਉਣ ਦਾ। ਇਥੇ ਆ ਕੇ ਮੈਂ ਉਭਰ ਰਹੇ ਸੰਗੀਤ ਕਲਾਕਾਰਾਂ ਦਾ ਸੰਗੀਤ ਵੀ ਮਾਣਿਆਂ, ਤੁਹਾਡੇ ਸਭ ਦੇ ਦਰਸ਼ਨ ਵੀ ਕੀਤੇ। ਪਹੁੰਚੇ ਹੋਏ ਸੰਗੀਤ ਕਲਾਕਾਰਾਂ ਦੇ ਦਰਸ਼ਨ ਕੀਤੇ ਤੇ ਫੇਰ ਆਖਾਂਗਾ......ਇਹਨਾਂ ਸਭ ਰਾਹੀਂ ਮੈਂ ਸਤਿਗੁਰੂ ਜਗਜੀਤ ਸਿੰਘ ਤੇ ਆਪਣੇ ਬਾਬੇ ਨਾਨਕ ਦੇ ਦਰਸ਼ਨ ਕੀਤੇ ਹਨ।

ਇਸ ਸੰਗੀਤ-ਸੰਗਤ ਦੇ ਰਾਹੀਂ ਹੀ ਮੈਂ ਆਪਣੇ ਵਡੇਰਿਆਂ, ਆਪਣੇ ਗੁਰੂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

*(ਜਲੰਧਰ ਸੰਗੀਤ ਸਮਾਰੋਹ ਦੇ ਭਾਸ਼ਨ ਵਿਚੋਂ ੨੧.੧੨.੨੦੦੩)*

"ਤੇ ਅੱਜ ਸਤਿਗੁਰੂ ਜੀ ਦਾ ਮੈਂ-ਇਕ ਹੋਰ ਹੀ ਨਵਾਂ ਰੂਪ ਦੇਖ ਰਿਹਾ ਸਾਂ। ਉਹਨਾਂ ਦੀ ਕਲਾਕਾਰ ਸ਼ਖਸੀਅਤ ਦੀਆਂ ਕਿੰਨੀਆਂ ਕੋਮਲ ਪਰਤਾਂ ਸਨ। ਅੱਜ ਉਹ ਆਪ ਬਹੁਤ ਹੀ ਪੁਰਾਣੀਆਂ ਤੇ ਮੁਲਵਾਨ ਕਲਾਸੀਕਲ ਬੰਦਿਸ਼ਾਂ ਦਾ ਗਾਇਨ ਅਤੇ ਵਿਆਖਿਆ ਕਰ ਰਹੇ ਸਨ। ਤੇ ਗਾਇਨ ਵਿਚ ਰਾਜਨ ਤੇ ਸਾਜਨ ਭਰਾਵਾਂ ਨੂੰ ਸਾਥ ਦੇਣ ਲਈ ਕਹਿ ਰਹੇ ਸਨ, ਜਿਵੇਂ ਉਸਤਾਦ ਚੇਲਿਆਂ ਨੂੰ ਸੰਥਾ ਦੇ ਰਿਹਾ ਹੋਵੇ, ਤੇ ਹੈ ਵੀ ਇੰਜ ਹੀ ਸੀ। ਕਿਸੇ ਬੰਦਿਸ਼ ਦਾ ਨਵਾਂ ਅਸਲ ਖਜ਼ਾਨਾ ਲੱਭਣ 'ਤੇ ਮਿਸ਼ਰਾ ਭਰਾ ਮੰਤਰ ਮੁਗਧ ਹੋਏ ਵਿਸਮਾਦ ਵਿਚ ਸਿਰ ਹਿਲਾ ਰਹੇ ਸਨ....।"

*—ਵਰਿਆਮ ਸਿੰਘ ਸੰਧੂ*

*(ਵਰਿਆਮ ਅਗਸਤ-ਅਕਤੂਬਰ ੧੯੯੭*



Namdhari Elibrary NamdhariElibrary@gmail.com

# ਵਧਦਾ ਡੇਰਾਵਾਦ—ਜੌਰਾਸੀ ਡੇਰੇ ਸਬੰਧੀ ਜਾਣਕਾਰੀ

—ਤਰਲੋਚਨ ਸਿੰਘ
ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ

ਇਸ ਵੇਲੇ ਸਾਰੇ ਪੰਜਾਬ ਵਿੱਚ ਇਕ ਆਵਾਜ਼ ਬੜੀ ਜ਼ੋਰ ਨਾਲ ਉਠ ਰਹੀ ਹੈ ਕਿ ਸਿੱਖਾਂ ਵਿੱਚ ਡੇਰਾਵਾਦ ਅੱਗੇ ਆ ਰਿਹਾ ਹੈ। ਇਹ ਠੀਕ ਹੈ ਕਿ ਪੰਜਾਬ ਵਿੱਚ ਸੰਤਾਂ ਦੇ ਅਨੇਕਾਂ ਡੇਰੇ ਬਣ ਚੁੱਕੇ ਹਨ ਅਤੇ ਹਰ ਡੇਰਾ ਆਪਣਾ ਵੱਖਰਾਪਨ ਰਖ ਰਿਹਾ ਹੈ। ਕਈ ਡੇਰਿਆਂ ਦੇ ਸੰਤ ਆਪ ਹੀ ਵੱਡੀਆਂ ਉਪਾਧੀਆਂ ਗ੍ਰਹਿਣ ਕਰ ਰਹੇ ਹਨ ਅਤੇ ਇਸ ਅਵਸਥਾ ਵਿੱਚ ਪੁੱਜ ਚੁੱਕੇ ਹਨ ਕਿ ਪੂਜਾ ਦੀ ਇਛਾ ਉਹਨਾਂ ਵਿੱਚ ਬਲਵਾਨ ਹੋ ਚੁੱਕੀ ਹੈ। ਕਈ ਇਸ ਤੋਂ ਵੀ ਅੱਗੇ ਨਿਕਲ ਕੇ ਆਪਣੇ ਆਪ ਨੂੰ ਪ੍ਰਤਾਪੀ ਬਾਬੇ ਅਖਵਾ ਰਹੇ ਹਨ ਅਤੇ ਆਪਣਾ ਵਖਰਾ ਹੀ ਮਤ ਚਲਾਉਣ ਲਗ ਪਏ ਹਨ। ਅੱਜ ਲੋੜ ਹੈ ਕਿ ਵਿਦਵਾਨ ਹਰ ਡੇਰੇ ਬਾਰੇ ਪੂਰਾ ਵਰਣਨ ਪਾਠਕਾਂ ਦੇ ਸਾਹਮਣੇ ਰੱਖਣ। ਬਹੁਤ ਡੇਰੇ ਹਾਲਾਂ ਵੀ ਗੁਰੂ ਆਸ਼ੇ ਅਨੁਸਾਰ ਚਲ ਰਹੇ ਹਨ ਤੇ ਉਹ ਪ੍ਰਸੰਸਾ ਯੋਗ ਹਨ। ਕਾਰ ਸੇਵਾ ਵਾਲੇ ਡੇਰਿਆਂ ਨੇ ਬੜਾ ਕੰਮ ਕੀਤਾ ਹੈ। ਅੱਜ ਮੈਂ ਆਪਣੇ ਵਿਚਾਰ ਇਕ ਡੇਰੇ ਸਬੰਧੀ ਲਿਖ ਰਿਹਾ ਹਾਂ ਜਿਥੇ ਮੈਂ ਕੁਝ ਦਿਨ ਪਹਿਲਾਂ ਗਿਆ ਸੀ—

ਹਰਿਆਣੇ ਦੇ ਕੁਰੂਕਸ਼ੇਤਰ ਜ਼ਿਲ੍ਹੇ ਵਿੱਚ ਪੇਹੋਵੇ ਦੇ ਨੇੜੇ ਪਿੰਡ ਜੌਰਾਸੀ ਵਿਚ ਬਹੁਤ ਵੱਡਾ ਗੁਰਦੁਆਰਾ ਹੈ ਜਿਸਦੇ ਆਸ ਪਾਸ ਕਈ ਇਮਾਰਤਾਂ ਦੂਰੋਂ ਹੀ ਤੁਹਾਨੂੰ ਵੇਖਣ ਨੂੰ ਮਿਲਦੀਆਂ ਹਨ। ਇਸ ਸਾਰੀ ਸੰਸਥਾ ਦੇ ਮੁਖੀ ਸੰਤ ਬਾਬਾ ਮਾਨ ਸਿੰਘ ਜੀ ਹਨ ਜਿਨ੍ਹਾਂ ਨੇ ਇਹ ਸਾਰਾ ਕੁਝ ਆਪ ਬਣਵਾਇਆ ਹੈ ਤੇ ਅੱਜ ਇਹ ਕੇਵਲ ਹਰਿਆਣੇ ਵਿੱਚ ਨਹੀਂ ਬਲਕਿ ਸਾਰੇ ਸਿੱਖ ਜਗਤ ਵਿੱਚ ਆਪਣੀ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਇਹ ਡੇਰਾ ਸੰਤ ਈਸ਼ਰ ਸਿੰਘ ਰਾੜੇ ਵਾਲਿਆਂ ਦੀ ਯਾਦ ਵਿੱਚ ਸੰਤ ਮਾਨ ਸਿੰਘ ਜੀ ਨੇ ਆਪਣੀ ਜੱਦੀ ਜ਼ਮੀਨ ਜੋ ਉਹਨਾਂ ਦੇ ਬਜ਼ੁਰਗਾਂ ਨੇ ਇਸ ਪਿੰਡ ਵਿੱਚ ਖਰੀਦੀ ਸੀ, ਉਸ ਵਿੱਚ ਬਣਵਾਇਆ ਹੈ। ੫੦ ਸਾਲ ਦੀ ਉਮਰ ਦੇ ਸੰਤ ਬਾਬਾ ਮਾਨ ਸਿੰਘ ਜੀ ਦਾ ਜਨਮ ਜ਼ਿਲਾ ਕਪੂਰਥਲਾ, ਬੇਗੋਵਾਲ ਦੇ ਨੇੜੇ ਹੋਇਆ। ਉਹਨਾਂ ਪਟਿਆਲੇ ਤੋਂ ਬੀ.ਏ. ਪਾਸ ਕੀਤੀ ਪਰ ਛੇਤੀ ਉਹ ਸੰਤ ਰਾੜੇਵਾਲਿਆਂ ਦੀ ਸੰਗਤ ਵਿੱਚ ਚਲੇ ਗਏ ਤੇ ਇਤਨੇ ਪ੍ਰਭਾਵਿਤ ਹੋਏ ਕਿ ਉਹਨਾਂ ਆਪਣਾ ਸਾਰਾ ਜੀਵਨ ਸਿੱਖ ਸਮਾਜ ਨੂੰ ਅਰਪਣ ਕਰ ਦਿੱਤਾ। ਮੈਂ ਸੰਤ ਮਾਨ ਸਿੰਘ ਬਾਰੇ ਬੜੇ ਸਾਲਾਂ ਤੋਂ ਬਹੁਤ ਕੁਝ ਸੁਣ ਚੁੱਕਾ ਸਾਂ ਤੇ ਦੇਸ਼ਾਂ-ਵਿਦੇਸ਼ਾਂ ਵਿੱਚ ਇਹਨਾਂ ਦੇ ਕੀਤੇ ਕੰਮਾਂ ਦੀ ਵੀ ਮੈਨੂੰ ਪੂਰੀ ਜਾਣਕਾਰੀ ਸੀ। ਮੈਨੂੰ ਯਾਦ ਹੈ ਕਿ ੫ ਸਾਲ ਪਹਿਲਾਂ ਉੜੀਸਾ ਵਿੱਚ ਜੋ ਸਮੁੰਦਰੀ ਤੂਫਾਨ ਆਇਆ ਸੀ ਤੇ ਲੱਖਾਂ ਘਰ ਤਬਾਹ ਹੋ ਗਏ ਸਨ ਉਦੋਂ ਸੰਤ ਬਾਬਾ ਮਾਨ ਸਿੰਘ ਜੀ ਨੇ ਉਥੇ ਜਾ ਕੇ ਉਹਨਾਂ ਲੋਕਾਂ ਵਿਚ ਅਟੁੱਟ ਲੰਗਰ ਵਰਤਾਇਆ, ਦਵਾਈਆਂ ਵੰਡੀਆਂ, ਤਰਪਾਲਾਂ ਵੰਡੀਆਂ ਅਤੇ ਹੋਰ ਲੋੜੀਂਦਾ ਘਰ ਦਾ ਸਾਮਾਨ ਵੰਡਿਆ ਅਤੇ ਤਕਰੀਬਨ ੮ ਕਰੋੜ ਰੁਪਏ ਖਰਚ ਕੇ ਉਹਨਾਂ ਨੇ ਲੋਕਾਂ ਦੀ ਸੇਵਾ ਕੀਤੀ। ਉਸ ਦੁਖ ਦੀ ਘੜੀ ਵਿਚ ਉਹਨਾਂ ਬਦਕਿਸਮਤ ਲੋਕਾਂ ਨੂੰ ਕੇਵਲ ਇਸ ਸਿੱਖ ਸੰਤ ਨੇ ਸਹਾਇਤਾ ਦੇਕੇ ਸਿੱਖਾਂ ਦੀ ਪਰਉਪਕਾਰ ਦੀ ਲਹਿਰ ਦਾ ਉਥੇ ਚਮਤਕਾਰ ਦਿਖਾਇਆ। ਮੈਂ ਬਾਬਾ ਜੀ ਨੂੰ ਤਾਂ ਮਿਲਿਆ ਨਹੀਂ ਸੀ ਪਰ ਜਦੋਂ ਮੈਨੂੰ ਇਹ ਸਾਰਾ ਕੁੱਝ ਪਤਾ ਲਗਿਆ ਤੇ ਮੈਂ ਆਪਣੇ ਤੌਰ ਤੇ ਉੜੀਸਾ ਦੇ ਮੁੱਖ ਮੰਤਰੀ ਸ੍ਰੀ ਨਵੀਨ ਪਟਨਾਇਕ ਨੂੰ ਲਿਖਿਆ ਕਿ ਉਹ ਘੱਟ ਤੋਂ ਘੱਟ ਬਾਬਾ ਜੀ ਦੇ ਗੁਰਦੁਆਰੇ ਆਕੇ ਉਹਨਾਂ ਦਾ ਅਤੇ ਸੰਗਤਾਂ ਦਾ ਧੰਨਵਾਦ ਕਰਨ। ਉਹ ਛੇਤੀ ਮੰਨ ਗਏ ਤੇ ਨਾਲ ਹੀ ਦਿੱਲੀ ਵਿਚ ਉੜੀਸਾ ਦੇ ਕਈ ਮੈਂਬਰ ਪਾਰਲੀਮੈਂਟ ਵੀ ਉਥੇ ਜਾਣ ਲਈ ਤਿਆਰ ਹੋ ਗਏ। ਜਦੋਂ ਇਸਦੀ ਇਤਲਾਹ ਮੈਂ ਸੰਤਾਂ ਦੇ ਦਫ਼ਤਰ ਵਿਚ ਭੇਜੀ ਤਾਂ ਉਹਨਾਂ ਨੇ ਮੈਨੂੰ ਸੁਨੇਹਾ ਭੇਜ ਦਿੱਤਾ ਕਿ ਮੁੱਖ ਮੰਤਰੀ ਜੀ ਨਾ ਆਉਣ ਤੇ ਉਹਨਾਂ ਨੂੰ ਧੰਨਵਾਦ ਦੀ ਲੋੜ ਨਹੀਂ; ਕਿਉਂ ਜੋ ਇਹ ਸੇਵਾ ਗੁਰੂ ਆਸ਼ੇ ਅਨੁਸਾਰ ਕੀਤੀ ਗਈ ਹੈ। ਐਸੀ ਹਲੀਮੀ ਸ਼ਾਇਦ ਹੀ ਮੈਂ ਕਿਸੇ ਡੇਰੇ ਵਾਲੇ ਸੰਤ ਵਿਚ ਵੇਖੀ ਹੋਵੇ ਕਿ ਉਹਨਾਂ ਨੇ ਆਪਣੀ ਵਡਿਆਈ ਕਰਵਾਉਣ ਤੋਂ ਉੱਕਾ ਨਾਂਹ ਕਰ ਦਿੱਤੀ। ਮੈਂ ਤਾਂ ਚਾਹੁੰਦਾ ਹਾਂ ਕਿ ਜਦੋਂ ਕੋਈ ਸਿੱਖ ਸੰਤ ਜਾਂ ਸਿੱਖ ਸੰਸਥਾ ਇਹੋ ਜਿਹੀ ਸੇਵਾ ਦਾ ਕੰਮ ਕਰੇ ਤਾਂ ਇਸਦਾ ਪ੍ਰਚਾਰ ਜ਼ਰੂਰ ਹੋਵੇ ਤਾਂ ਜੋ ਗੈਰ ਸਿੱਖਾਂ ਵਿਚ ਸਿੱਖਾਂ ਸੰਬਧੀ ਹੋਰ ਚੰਗੀ ਭਾਵਨਾ ਵਧੇ। ੨ ਸਾਲ ਪਹਿਲਾਂ ਜਦੋਂ ਗੁਜਰਾਤ ਵਿਚ ਭੂਚਾਲ ਆਇਆ ਸੀ, ਸੰਤ ਮਾਨ ਸਿੰਘ ਉਥੇ ਜਾ ਪੁੱਜੇ ਤੇ ਉਹਨਾਂ ਨੇ ਕਰੋੜਾਂ ਰੁਪਏ ਖਰਚ ਕੇ ਕਈ ਨਵੇਂ ਪਿੰਡ ਉਸਾਰੇ, ਸੈਂਕੜੇ ਘਰ ਨਵੇਂ ਬਣਾਏ, ਸਾਰਾ ਲੋੜੀਂਦਾ ਸਮਾਨ ਦਿੱਤਾ ਅਤੇ ਕਈ ਮਹੀਨਿਆਂ ਤੱਕ ਲੰਗਰ ਚਲਾਇਆ।

ਸ੍ਰ. ਲਸ਼ਕਰ ਸਿੰਘ, ਸਾਬਕਾ ਡੀ. ਆਈ. ਜੀ. ਪੁਲਿਸ, ਜੋ ਸੰਤਾਂ ਦੇ ਵੱਡੇ ਸ਼ਰਧਾਲੂ ਹਨ ਨੇ ਜਲੰਧਰ ਤੋਂ ਮੈਨੂੰ ਟੈਲੀਫੋਨ ਕੀਤਾ ਕਿ ੧੬ ਸਤੰਬਰ ਰਾਤ ਨੂੰ ੯ ਵਜੇ ਪੇਹੋਵੇ ਪੁੱਜੋ ਕਿਉਂ ਕਿ ਓਥੇ ਸਾਰੀ ਰਾਤ ਕੀਰਤਨ ਦਰਬਾਰ ਹੋਣਾ ਹੈ ਤੇ ਤੁਸੀਂ ਆਕੇ ਸੰਗਤਾਂ ਦੇ ਦਰਸ਼ਨ ਕਰੋ। ਮੈਂ ਸ਼ਾਮ ਨੂੰ ਪਿਪਲੀ ਹੋਕੇ ਪੇਹੋਵੇ ਪੁਰਾਣੇ ਗੈਸਟ ਹਾਊਸ ਪੁੱਜਾ ਜੋ ਕਦੇ ਕੈਥਲ ਦੇ ਮਹਾਰਾਜੇ ਦਾ ਛੋਟਾ ਮਹਲ ਸੀ। ਬੜਾ ਹੀ ਚੰਗਾ ਲਗਿਆ ਕਿ ਇਹ ਮਹਲ ਨੂੰ ਸਰਕਾਰ ਨੇ ਸੰਭਾਲ ਕੇ ਰੱਖਿਆ ਹੈ। ਪਾਠਕਾਂ ਦੀ ਜਾਣਕਾਰੀ ਲਈ ਦੱਸ ਦਿਆਂ ਕਿ ਕੈਥਲ ਸਿੱਖਾਂ ਦੀ ਰਿਆਸਤ ਸੀ ਜਿਹੜੀ ਮਿਸਲਾਂ ਦੇ ਸਮੇਂ ਇਸ ਇਲਾਕੇ ਵਿਚ



Namdhari Elibrary NamdhariElibrary@gmail.com

ਬਣੀ ਅਤੇ ਇਸ ਰਿਆਸਤ ਦੇ ਰਾਜੇ ਨੇ ਭਾਈ ਸੰਤੋਖ ਸਿੰਘ ਨੂੰ ਪੂਰੀ ਸਹੂਲਤ ਦਿੱਤੀ ਤੇ ਉਹਨਾਂ ਨੇ 'ਪੰਥ ਪ੍ਰਕਾਸ਼' ਦੀ ਰਚਨਾ ਬੈਠ ਕੇ ਕੀਤੀ। ਕੈਥਲ ਦਾ ਸਿੱਖ ਰਾਜ ੧੮੫੭ ਵਿਚ ਅੰਗ੍ਰੇਜ਼ਾਂ ਨੇ ਖਤਮ ਕੀਤਾ ਕਿਉਂ ਕਿ ਇਸ ਰਾਜੇ ਨੇ ਉਸ ਵਕਤ ਦੇ ਗਦਰ ਵਿਚ ਅੰਗ੍ਰੇਜ਼ਾਂ ਦੀ ਮਦਦ ਨਹੀਂ ਸੀ ਕੀਤੀ। ਐਸ. ਡੀ. ਐਮ. ਅਤੇ ਹੋਰ ਅਫਸਰਾਂ ਨਾਲ ਜਦੋਂ ਮੈਂ ਕੁਝ ਮੀਲ ਦੂਰ ਜੋਗਾਸੀ ਪਿੰਡ ਗਿਆ ਤੇ ਸਾਰੇ ਰਸਤੇ ਲੋਕ ਹੀ ਲੋਕ ਨਜ਼ਰ ਆਏ। ਟ੍ਰੈਕਟਰਾਂ, ਟ੍ਰਾਲੀਆਂ, ਜੀਪਾਂ, ਟਰੱਕਾਂ ਉਤੇ ਸਿੱਖ ਸ਼ਰਧਾਲੂਆਂ ਦੇ ਜੱਥੇ ਗੁਰਦੁਆਰੇ ਵਲ ਜਾ ਰਹੇ ਸਨ, ਬਿਜਲੀ ਦੇ ਬਲਬਾਂ ਨਾਲ ਗੁਰਦੁਆਰਾ ਸਜਿਆ ਹੋਇਆ ਸੀ, ਗੁਰਦੁਆਰੇ ਦੇ ਅੰਦਰ ਬਾਹਰ ਬੇਅੰਤ ਭੀੜ ਸੀ, ਬਹੁਤ ਵੱਡੇ ਪੰਡਾਲ ਵਿਚ ਲੰਗਰ ਚਲ ਰਿਹਾ ਸੀ। ਮੈਂ ਜਦੋਂ ਸਟੇਜ ਤੇ ਪੁੱਜਾ ਤਾਂ ਉਸ ਵੇਲੇ ਬਾਬਾ ਈਸ਼ਰ ਸਿੰਘ ਅਕੈਡਮੀ ਦੇ ਬੱਚੇ ਸ਼ਬਦ ਪੜ੍ਹ ਰਹੇ ਸਨ। ਪੰਡਾਲ ਵਿਚ ਸੰਗਤਾਂ ਦੇ ਇਕੱਠ ਦਾ ਅੰਦਾਜ਼ਾ ਲਾਉਣਾ ਔਖਾ ਸੀ। ਮੈਨੂੰ ਦਸਿਆ ਗਿਆ ਕਿ ਇਸ ਸਾਲਾਨਾ ਪ੍ਰੋਗਰਾਮ ਵਿਚ ਡੇਢ ਤੋਂ ਦੋ ਲੱਖ ਦੇ ਕਰੀਬ ਸਿੱਖ ਸ਼ਰਧਾਲੂ ਹਰਿਆਣੇ ਅਤੇ ਪੰਜਾਬ ਤੋਂ ਸ਼ਾਮਲ ਹੋਏ ਸਨ। ਸਟੇਜ ਬੜਾ ਹੀ ਸ਼ਾਨਦਾਰ ਸਜਾਇਆ ਗਿਆ। ਉੱਥੇ ਸੰਤ ਮਹਾਤਮਾ, ਕਵੀਸ਼ਰ, ਰਾਗੀ ਸਟੇਜ ਤੇ ਸੁਸ਼ੋਭਿਤ ਸਨ।

ਮੈਂ ਆਪਣੇ ਸੰਖੇਪ ਭਾਸ਼ਣ ਵਿਚ ਸੰਤ ਬਾਬਾ ਮਾਨ ਸਿੰਘ ਜੀ ਵਲੋਂ ਕੀਤੀ ਸੇਵਾ ਦਾ ਵਰਣਨ ਕੀਤਾ ਤੇ ਕਿਹਾ ਕਿ ਇਹ ਐਸੇ ਨਵੇਕਲੇ ਮਹਾਂਪੁਰਸ਼ ਹਨ ਜੋ ਸਭ ਕੁਝ ਕਰਕੇ ਵੀ ਆਪਣੇ ਆਪ ਨੂੰ ਇਕ ਆਮ ਸਿੱਖ ਸਮਝਦੇ ਹਨ। ਕੀਤੀ ਸੇਵਾ ਦਾ ਇਹ ਕੋਈ ਮੁਲ ਨਹੀਂ ਪੁਆਣਾ ਚਾਹੁੰਦੇ। ਮੈਂ ਉਸ ਵੇਲੇ ਇਹ ਵੀ ਕਿਹਾ ਕਿ ਸਾਰੇ ਪੰਜਾਬ ਦੇ ਬਾਬੇ ਤੇ ਸੰਤ ਇਸ ਪਰੰਪਰਾ ਨੂੰ ਅਪਨਾਉਣ ਦੀ ਖੇਚਲ ਕਰਨ। ਜੋ ਸਿੱਖੀ ਨੂੰ ਹੁਣ ਢਾਅ ਲਗ ਰਹੀ ਹੈ ਉਹ ਉਸ ਵਲ ਸਮਰਪਤ ਹੋਣ। ਪਤਿੱਤਪੁਣੇ ਦੀ ਲਹਿਰ ਨੂੰ ਰੋਕਣ ਵਿਚ ਸਾਰੇ ਸੰਤ ਵਧੇਰੇ ਸਹਾਈ ਹੋ ਸਕਦੇ ਹਨ। ਉਹ ਇਹ ਹੁਕਮ ਦੇਣ ਕਿ ਉਹਨਾਂ ਦਾ ਕੋਈ ਸ਼ਰਧਾਲੂ ਜੇ ਪਤਿੱਤ ਹੈ ਤਾਂ ਉਸਦੀ ਸੇਵਾ ਕਬੂਲ ਨਹੀਂ ਹੋਵੇਗੀ। ਦੂਜਾ ਮੈਂ ਕਿਹਾ ਕਿ ਬਾਬਾ ਜੀ ਤੁਹਾਡੇ ਵਰਗੀ ਜੇ ਕੋਈ ਈਸਾਈ ਪਾਦਰੀ ਸੇਵਾ ਕਰਦਾ ਤਾਂ ਉਹ ਉੜੀਸਾ ਦੇ ਪੀੜਤਾਂ ਨੂੰ ਈਸਾਈ ਬਣਾ ਕੇ ਉਠਦਾ। ਅੱਜ ਪੰਜਾਬ ਵਿਚ ਈਸਾਈ ਦਵਾਈਆਂ ਵੰਡ ਕੇ ਸਿੱਖਾਂ ਨੂੰ ਭਰਮਾ ਰਹੇ ਹਨ। ਸਕੂਲਾਂ ਰਾਹੀਂ ਵੀ ਉਹ ਪ੍ਰਚਾਰ ਕਰ ਰਹੇ ਹਨ। ਮੈਂ ਬਾਬਾ ਜੀ ਨੂੰ ਸੁਝਾਅ ਦਿੱਤਾ ਕਿ ਆਪਣੀ ਮਨਸ਼ਾ ਤੋਂ ਉਲਟ ਘੱਟ ਤੋਂ ਘੱਟ ਜਿਥੇ ਸੇਵਾ ਕਰਨ ਜਾਣ ਉਥੇ ਇਕ ਗੁਰਦੁਆਰਾ ਜ਼ਰੂਰ ਸਥਾਪਤ ਕਰਕੇ ਆਉਣ ਤਾਂ ਜੋ ਉਥੇ ਇਹ ਪ੍ਰਵਾਹ ਚਲਦਾ ਰਹੇ। ਮੈਂ ਇਸ ਗੱਲ ਦੀ ਖੁਸ਼ੀ ਮਹਿਸੂਸ ਕੀਤੀ ਕਿ ਸਾਰੇ ਹਰਿਆਣੇ ਵਿਚ ਜਿਥੇ ਹੁਣ ਸਿੱਖ ਸਹਿਮ ਕੇ ਰਹਿ ਰਿਹਾ ਹੈ, ਉਹਨਾਂ ਨੂੰ ਬਾਬਾ ਮਾਨ ਸਿੰਘ ਜੀ ਦੀ ਸ਼ਖਸੀਅਤ ਦਾ ਬੜਾ ਲਾਭ ਹੈ। ਹਰਿਆਣਾ ਬਣਨ ਪਿਛੋਂ ਉਥੇ ਸਿੱਖਾਂ ਦੀ ਕਦਰ ਘਟੀ ਹੈ। ਮੈਂ ਸ੍ਰੀ ਓਮ ਪ੍ਰਕਾਸ਼ ਚੌਟਾਲਾ, ਮੁੱਖ ਮੰਤਰੀ, ਹਰਿਆਣਾ, ਜੀ ਦੀ ਉਸਤਤ ਕਰਦਿਆਂ ਕਿਹਾ ਕਿ ਉਹਨਾਂ ਨੇ ਸਿੱਖਾਂ ਦੀ ਕਦਰ ਵਧਾਈ ਹੈ ਤੇ ਖਾਲਸਾ ਮਾਰਚ ਹਰਿਆਣੇ ਵਿਚ ਕਰਵਾ ਕੇ ਸਿੱਖੀ ਦੀ ਸ਼ਾਨ ਉੱਚੀ ਕੀਤੀ ਹੈ। ਮੈਂ ਸਾਰੀ ਸੰਗਤਾਂ ਨੂੰ ਇਕੱਠੇ ਹੋਕੇ ਆਪਣੀ ਹੋਂਦ ਨੂੰ ਵਧਾਉਣ ਲਈ ਜ਼ੋਰ ਦਿੱਤਾ। ਹਰਿਆਣੇ ਵਿੱਚ ਸਿੱਖ ਹਾਲੇ ਵੀ ਬਹੁਤ ਕੁਝ ਕਰ ਸਕਦਾ ਹੈ ਜੇ ਉਹ ਆਪਸ ਵਿਚ ਫੁੱਟ ਨਾ ਪਾਉਣ। ਮੈਂ ਹਰਿਆਣੇ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਜਿਥੇ ਬਾਬਾ ਮਾਨ ਸਿੰਘ ਜੀ ਸਕੂਲ/ ਅਕੈਡਮੀਆਂ ਚਲਾ ਰਹੇ ਹਨ ਉਥੇ ਸਿੱਖਾਂ ਦੇ ਇਤਿਹਾਸ ਬਾਰੇ ਵੀ ਕਿਤਾਬ ਲਿਖਵਾਉਣ ਕਿ ਕਿਵੇਂ ਮਿਸਲਾਂ ਦੇ ਸਮੇਂ ਸਰਦਾਰਾਂ ਨੇ ਸਾਰੇ ਹਰਿਆਣੇ ਵਿਚ ਸਿੱਖਾਂ ਨੇ ਮੁਗਲ ਰਾਜ ਖਤਮ ਕੀਤਾ ਸੀ। ਕੈਥਲ, ਲਾਡਵਾ, ਬੁੜੀਆ, ਛਿਛਰੌਲੀ, ਸ਼ਾਮਲਗੜ੍ਹ, ਮਸਤਾਫਾਬਾਦ, ਸਢੌਰਾ ਆਦਿ ਸਾਰੀਆਂ ਸਿੱਖ ਰਿਆਸਤਾਂ ਬਣ ਗਈਆਂ ਸਨ। ਸਿੱਖ ਬੱਚਿਆਂ ਨੂੰ ਆਪਣਾ ਇਤਿਹਾਸ ਦੱਸਣ ਦੀ ਲੋੜ ਹੈ ਤਾਂ ਜੋ ਉਹਨਾਂ ਦਾ ਮਨੋਬਲ ਵਧ ਸਕੇ।

ਮੈਂ ਇਸ ਲੇਖ ਦੇ ਆਰੰਭ ਵਿਚ ਡੇਰਾਵਾਦ ਸਬੰਧੀ ਇਸ ਲਈ ਲਿਖਿਆ ਹੈ ਤਾਂ ਜੋ ਪਾਠਕ ਸਮਝ ਸਕਣ ਕਿ ਡੇਰਿਆਂ ਵਿਚ ਹਾਲੇ ਵੀ ਕਈ ਗੁਰੂ ਦੇ ਸੱਚੇ ਵਿਸ਼ਵਾਸੀ ਬੈਠੇ ਹਨ। ਰਿਸ਼ੀਕੇਸ਼ ਵਿਚ ਜਦੋਂ ਮੈਂ ਗਿਆ ਤਾਂ ਨਿਰਮਲੇ ਸੰਤਾਂ ਦੇ ਡੇਰੇ ਬਾਰੇ ਲਿਖਿਆ ਸੀ ਕਿ ਉਥੇ ਕਿਵੇਂ ਸਿੱਖੀ ਲਹਿਰ ਚਲ ਰਹੀ ਹੈ। ਸੰਤ ਬਾਬਾ ਮਾਨ ਸਿੰਘ ਨੇ ੩੦੦ ਸਾਲਾ ਖਾਲਸਾ ਦੇ ਜਨਮ ਦਿਹਾੜੇ ਤੇ ੧੯੯੯ ਦੀ ਵਿਸਾਖੀ 'ਤੇ ਲਾਲ ਕਿਲ੍ਹੇ, ਦਿੱਲੀ ਦੇ ਬਾਹਰ ਸਟੇਜ ਲਾ ਕੇ ਜੋ ਪ੍ਰੋਗਰਾਮ ਕੀਤਾ ਸੀ ਉਹ ਇਕ ਅਨੋਖਾ ਸੀ, ਜਿਸ ਨੇ ੧੭੮੩ ਵਿਚ ਸਿੱਖਾਂ ਦਾ ਲਾਲ ਕਿਲ੍ਹੇ ਤੇ ਹੋਏ ਕਬਜ਼ੇ ਦੀ ਯਾਦ ਕਰਵਾ ਦਿੱਤੀ ਸੀ। ਲੋਕਾਂ ਨੂੰ ਯਾਦ ਵੀ ਨਹੀਂ ਸੀ ਕਿ ਕਦੇ ਸਿੱਖ ਸਰਦਾਰ ਦਿੱਲੀ ਦੇ ਬਾਦਸ਼ਾਹ ਬਣ ਗਏ ਸਨ। ਬਾਬਾ ਬਘੇਲ ਸਿੰਘ ਨੇ ਉਸ ਸਮੇਂ ਹੀ ਕਿਲ੍ਹੇ ਦੇ ਇਤਿਹਾਸਕ ਗੁਰਦੁਆਰੇ ਸਥਾਪਤ ਕੀਤੇ ਸਨ।

ਸੰਤ ਬਾਬਾ ਮਾਨ ਸਿੰਘ ਜੀ ਨੇ ਰੋਪੜ ਵਿਚ ਵਿਦਿਅਕ ਅਕੈਡਮੀ ਬਣਾ ਦਿੱਤੀ ਹੈ। ਵਿਦਿਆ ਦੇ ਪ੍ਰਸਾਰ ਵਿਚ ਉਹ ਜੁਟੇ ਹੋਏ ਹਨ। ਉਹ ਖਾਸ ਧਿਆਨ ਹਰਿਆਣੇ ਵਿਚ ਦੇਣ ਤਾਂ ਜੋ ਲੱਖਾਂ ਸਿੱਖ ਉਥੇ ਉਹਨਾਂ ਤੋਂ ਉਤਸ਼ਾਹ ਲੈ ਕੇ ਆਪਣੀ ਪਰੰਪਰਾ ਕਾਇਮ ਰਖ ਸਕਣ। ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀ ਰਾਜਧਾਨੀ ਮੁਖਲਸਗੜ੍ਹ ਹਰਿਆਣੇ ਦੀ ਹੱਦ ਨਾਰਾਇਣਗੜ੍ਹ ਦੇ ਨਾਲ ਸਥਾਪਤ ਕੀਤੀ ਸੀ, ਉਥੇ ਯਾਦਗਾਰ ਬਣਾਉਣ ਦੀ ਲੋੜ ਹੈ। ਬਾਬਾ ਜੀ ਉਤਸ਼ਾਹੀ ਹਨ, ਲਗਨ ਬਹੁਤ ਹੈ, ਸ਼ਰਧਾਲੂ ਵੀ ਬੇਅੰਤ ਹਨ। ਉਹਨਾਂ ਦੇ ਹੁਕਮ ਅੱਗੇ ਲੱਖਾਂ ਲੋਕ ਖੜ੍ਹੇ ਹੋ ਜਾਂਦੇ ਹਨ। ਅੱਜ ਸਿੱਖ ਧਰਮ ਨੂੰ ਅਜੇਹੇ ਸੰਤਾਂ ਅਤੇ ਇਹੋ ਜਿਹੇ ਸਹਿਯੋਗੀਆਂ ਦੀ ਲੋੜ ਹੈ।

❖❖❖


Namdhari Elibrary NamdhariElibrary@gmail.com

Our Motto : Best Quality of the Day

*High Class Gun Manufacturers*

**Singh & Double Barrels**



# 12-BORE GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
Jammu Cantt-3
Ph. : 433810

*Sister Concern :*

**M/s Kartar Singh**

**ARMS & AMMUNITION DEALERS**





Namdhari Elibrary NamdhariElibrary@gmail.com

## ਇਹ ਕਵਿਤਾ

—*ਸ਼ਿਵਨਾਥ*

ਇਹ ਕਵਿਤਾ ਕਿਸੇ ਦਾ
ਖਿਡੌਣਾ ਨਹੀਂ ਹੈ
ਇਹ ਕਵਿਤਾ ਨਹੀਂ ਹੈ
ਕੋਈ ਰੇਲ ਗੱਡੀ
ਜਿਦ੍ਹੇ ਤੇ ਧਰੇ ਹਰ ਕੋਈ
ਭਾਰ ਆਪਣਾ
ਜਿਦ੍ਹੇ ਤੇ ਕਰੇ ਕੋਈ
ਲੰਮੀ ਸਵਾਰੀ।

ਇਹ ਕਵਿਤਾ ਨਹੀਂ ਹੈ
ਮਦਾਰੀ ਦਾ 'ਝੁਰਲੂ'
ਇਹ ਕਵਿਤਾ ਨਹੀਂ ਹੈ
ਸਵਰਗਾਂ ਦਾ ਲਾਰਾ
ਇਹਦੇ ਵਿੱਚ ਹੁੰਦੀ ਏ
ਕੜਵੀ ਸੱਚਾਈ
ਜੋ ਲਗਦੀ ਨਹੀਂ
ਹਰ ਕਿਸੇ ਨੂੰ ਪਿਆਰੀ।

ਇਹ ਕਵਿਤਾ ਨਹੀਂ ਕੋਈ
ਮੈਗੀ ਦਾ ਪੈਕਟ
ਜੋ ਪਲ ਵਿੱਚ ਬਣੇ ਸੌਹਲ
ਬੱਚਿਆਂ ਦਾ ਖਾਣਾ
ਇਹ ਕਵਿਤਾ ਹੈ ਹੱਡ-ਭੰਨਵੀ
ਕਾਰ ਯਾਰੋ
ਜਿਦ੍ਹੇ ਬਾਝ ਚੜ੍ਹਦੀ ਏ
ਅਕਸਰ ਖ਼ੁਮਾਰੀ।

ਇਹ ਕਵਿਤਾ ਨਹੀਂ
ਪੁਤਲੀਆਂ ਦਾ ਤਮਾਸ਼ਾ
ਜਿਦ੍ਹੇ ਪਿੱਛੇ ਲੁਕਿਆ
ਕੋਈ ਹੱਥ ਹਿਲਾਏ
ਇਹ ਸਦੀਆਂ ਦੇ ਨ੍ਹੇਰੇ
ਨੂੰ ਵੀ ਹੂੰਝ ਸੁੱਟੇ
ਦਿਨਾਂ ਤੋਂ ਉਜਾਲੇ ਦੀ
ਲੈ ਕੇ ਬੁਹਾਰੀ

ਇਹ ਕਵਿਤਾ ਹੈ
ਸਿਰਮੌਰ ਰਿਸ਼ੀਆਂ ਦੀ ਬਾਣੀ
ਹੈ ਇਸ ਵਿੱਚ ਪਵਿੱਤ੍ਰ
ਲਹੂ ਆਸ਼ਕਾਂ ਦਾ
ਇਹ ਸੁੱਚੀ ਹੈ ਜਲ ਤੋਂ
ਤੇ ਸੱਚੀ ਹਵਾ ਤੋਂ
ਇਹਦੇ ਬਾਝ ਕਿਹੜੀ ਹੈ
ਭਾਸ਼ਾ ਮਿਆਰੀ ?

*ਪਤਾ :-*
***1257-C-Lines***
***ਫ਼ੇਜ਼-10-ਮੁਹਾਲੀ160062***

## ਰੁਬਾਈਆਂ

(੧)

ਪੰਜਾਬ ਦੇ ਭੰਗੜੇ ਦੇ ਧਮਾਲਾਂ ਦੀ ਧਮਕ।
ਰਣ ਜੂਝਦੇ ਸ਼ਬਦਾਂ ਤੇ ਖ਼ਿਆਲਾਂ ਦੀ ਧਮਕ।
ਜਰ ਜਾਣ ਨੂੰ ਬੇ-ਅਣਖੀ ਨਾ ਸਮਝੇ ਕੋਈ;
ਜਰ ਜਾਣ 'ਚ ਹੁੰਦੀ ਏ, ਭੂਚਾਲ ਦੀ ਧਮਕ।

(੨)

ਚੋਰਾਂ ਦੀ ਸਕੀਰੀ ਅਤੇ ਡਾਕੂ ਦੀ ਨਸਲ।
ਹਿਟਲਰ ਜੇਹੇ ਜੰਗਬਾਜ਼ ਲੜਾਕੂ ਦੀ ਨਸਲ।
ਹੁਸ਼ਿਆਰ ਐ 'ਬਿਸਮਿਲ'! ਕਿ ਅਜੇ ਬਾਕੀ ਹੈ;
ਚੰਗੇਜ਼ ਦੀ ਔਲਾਦ, ਹਲਾਕੂ ਦੀ ਨਸਲ।

***ਬਿਸਮਿਲ ਫ਼ਰੀਦਕੋਟੀ***
*(ਕਾਵਿਸੰਗ੍ਰਹਿ 'ਖੌਲਦੇ ਸਾਗਰ' ਵਿੱਚੋਂ)*



Namdhari Elibrary NamdhariElibrary@gmail.com

# ਬਾਰਾਂ ਮਾਹ ਮਨੁੱਖ ਦਾ

—ਸੁਵਰਨ ਸਿੰਘ ਵਿਰਕ ਉਰਫ 'ਅਲੀ ਸ਼ੇਰ'

ਚੇਤਰ ਚਿੱਤ ਦੇ ਵਿੱਚ ਵਿਚਾਰ ਕਰ ਕੇ,
ਜ਼ਰਾ ਜਿਉਣ ਦੇ ਅਰਥ ਵਿਸਥਾਰੀਏ ਜੀ।
ਵਰਤਮਾਨ ਦੀ ਲਿਟ ਸੁਲਝਾਉਣ ਬਦਲੇ,
ਕੰਘੀ ਵਿੱਚ ਅਤੀਤ ਦੇ ਮਾਰੀਏ ਜੀ।
ਰੰਗ, ਰੂਪ, ਸੁਗੰਧ ਦੇ ਸਾਥ ਵਾਲੇ,
ਜਾਈਏ ਲੋਕਾਂ ਤੋਂ ਸਦਾ ਬਲਿਹਾਰੀਏ ਜੀ।
ਧੂਣੀ ਕਿਸੇ ਫਕੀਰ ਦੀ ਤਾਉਣ ਬਦਲੇ,
ਭਾਵੇਂ ਝੁੱਗੀ ਤੋਂ ਛੱਤ ਉਤਾਰੀਏ ਜੀ।
ਹਾਸੇ ਜਿਹਨਾਂ ਦੇ ਉਮਰ ਦਾ ਸਾਥ ਹੁੰਦੇ,
ਕਦੇ ਉਹਨਾਂ ਦੀ ਤੜ੍ਹੀ ਸਹਾਰੀਏ ਜੀ।
ਟੁੱਟ ਗਏ ਹਾਲਾਤ ਦੇ ਰੂ-ਬ-ਰੂ ਜੋ,
ਫੁੱਲ ਕਿਹੜਿਆਂ ਸਰਾਂ 'ਚ ਤਾਰੀਏ ਜੀ।
ਮਿਲ ਜਾਣ ਜੇ ਹੋਰ ਹਜ਼ਾਰ ਉਮਰਾਂ,
ਤੇਰੇ ਇਕ ਅੰਦਾਜ਼ ਤੋਂ ਵਾਰੀਏ ਜੀ।
'ਅਲੀ ਸ਼ੇਰ' ਫਕੀਰਾਂ ਦੀ ਚਾਕਰੀ 'ਚ
ਜਿਹੜਾ ਰਹਿ ਗਿਆ ਵਕਤ ਗੁਜ਼ਾਰੀਏ ਜੀ॥ ੧॥

ਵੈਸਾਖ ਵਿਛੋੜੇ ਦਿਆਂ ਵਾਦਿਆਂ ਨੇ,
ਸੱਥਰ ਵਾਂਗਰਾਂ ਭੋਇੰ ਵਿਛਾ ਦਿੱਤਾ।
ਪਾਕ ਸਾਫ ਮੁਹੱਬਤ ਦੇ ਰਿਸ਼ਤਿਆਂ ਨੂੰ,
ਲਾਲਚ ਲੋਭ ਦੀ ਮਿੱਟੀ ਮਿਲਾ ਦਿੱਤਾ।
ਜੁਗਾਂ ਤੀਕ ਮਨੁੱਖ ਅਡੋਲ ਰਹਿੰਦੇ,
ਭੇਤ ਕੁਦਰਤੀ ਕੰਨਾਂ 'ਚ ਪਾ ਦਿੱਤਾ।
ਸਾਊਆਂ ਵਾਂਗ ਵਿਹਾਜ ਕੇ ਆਪ ਆਪੇ,
ਚਵਲਾਂ ਵਾਂਗਰਾਂ ਪੱਲਾ ਖਿਸਕਾ ਦਿੱਤਾ।
ਲੱਭੇ ਕੋਈ ਹਬੀਬ ਤਬੀਬ ਨਾਂਹੀ,
ਰੋਗ ਕਿਵੇਂ ਦਾ ਜਿੰਦ ਨੂੰ ਲਾ ਦਿੱਤਾ।
ਉੱਠੋ, ਡਿੱਗੋ ਤੇ ਡਿੱਗੇ ਕੇ ਫੇਰ ਉੱਠੋ,
ਆਵਾ ਗਉਣ ਦਾ ਪਾਠ ਪੜ੍ਹਾ ਦਿੱਤਾ।
ਖਰਲ ਜਿਹਨਾਂ ਨੇ ਆਪਣੀ ਹੋਂਦ ਕੀਤੀ,
ਵਾਸਾ ਨੈਣਾਂ ਦੇ ਵਿੱਚ ਕਰਾ ਦਿੱਤਾ।
'ਅਲੀ ਸ਼ੇਰ' ਸੰਸਾਰ ਦੀ ਵੱਟ ਉਤੇ,
ਅਸਾਂ ਸਰ੍ਹੋਂ ਦਾ ਫੁੱਲ ਖਿੜਾ ਦਿੱਤਾ॥ ੨॥

ਜੇਠ ਜਮਾਂ ਵਾਂਗੂੰ ਲਹਿਣੇਦਾਰ ਫਿਰਦੇ,
ਉਜਰ ਚੱਲਦਾ ਨਹੀਂ ਦੇਵਣ ਹਾਰਿਆਂ ਦਾ।
ਕੰਚਨ ਦੇਹ ਕੁਠਾਲੀ 'ਚ ਢਾਲ ਦਿਤੀ,
ਦਾਉ ਚੱਲਿਆ ਸੁਘੜ ਸੁਨਿਆਰਿਆਂ ਦਾ।
ਘਟਣਾ ਵਧਣਾ ਤਾਂ ਚੰਦ ਦੀ ਜ਼ਾਤ ਹੁੰਦਾ,
ਭਲਾ ਇਹਦੇ 'ਚ ਦੋਸ਼ ਕੀ ਤਾਰਿਆਂ ਦਾ।
ਬੰਦਾ ਹੋਏ ਤੇ ਪੁੱਛੀਏ ਮੂੰਹ ਉਤੇ,
ਕੀ ਇਤਬਾਰ ਇਕਰਾਰ ਤੋਂ ਹਾਰਿਆਂ ਦਾ।
ਬੜੀ ਦੇਰ ਤੋਂ ਬੂਤਰੇ ਮਹਿਲ ਸੁਣਦੇ,
ਆਉਣਾ ਜੁੱਗ ਹੈ ਕੁੱਲੀਆਂ ਢਾਰਿਆਂ ਦਾ।
ਤ੍ਰਿਖਾਵੰਤ ਦਾ ਕੀ ਲਿਹਾਜ਼ ਕੀਤਾ,
ਰਸਤਾ ਦੱਸ ਦਿੱਤਾ ਖੂਹਾਂ ਖਾਰਿਆਂ ਦਾ।
ਕੰਧ ਵੇਲਿਉਂ ਪਹਿਲਾਂ ਜੇ ਝੁਕ ਜਾਵੇ,
ਹੁੰਦਾ ਵੱਸ ਕੀ ਲਿੱਪਿਆਂ ਗਾਰਿਆਂ ਦਾ।
'ਅਲੀ ਸ਼ੇਰ' ਹੈ ਭੋਗਦਾ ਇਕ ਕੋਈ,
ਫਲ-ਮਿਹਨਤਾਂ, ਖੋਟਿਆਂ ਸਾਰਿਆਂ ਦਾ॥ ੩॥

ਹਾੜ ਹਿਰਸ ਹਰਾਸ ਹੈ ਮਨਾਂ ਅੰਦਰ,
ਭਾਵੇਂ ਚਿਹਰਿਆਂ ਦੇ ਉਤੇ ਲਾਲੀਆਂ ਨੇ।
ਤੇਗੀ ਰਾਤਾਂ ਦੀ ਨੀਂਦ ਹਰਾਮ ਕੀਤੀ,
ਬੂਹਾ ਮੱਲ ਖਲੋਤੇ ਸੁਆਲੀਆਂ ਨੇ।
ਸਾਡਾ ਦਿਹੁੰ ਵੈਸਾਖੀ ਜਿਹਾ ਕਦੋਂ ਹੋਣਾ,
ਰਾਤਾਂ ਹੋਣੀਆਂ ਕਦੋਂ ਦੀਵਾਲੀਆਂ ਨੇ।
ਰਸਤੇ ਝੰਗ ਤੋਂ ਤਖਤ ਹਜ਼ਾਰਿਆਂ ਦੇ,
ਕੀਤੇ ਬੰਦ ਕਿਹਨਾਂ ਬਾਰਾਂ ਤਾਲੀਆਂ ਨੇ।
ਧੀਆਂ ਕੁੱਖ ਦੇ ਵਿੱਚ ਕਤਲਾਮ ਕਰਕੇ,
ਕਿਹੜੇ ਚਾਅ ਤੇ ਲੋਹੜੀਆਂ ਬਾਲੀਆਂ ਨੇ।
ਤੀਜਾ ਮੋਰਚਾ ਅਜੇ ਤੱਕ ਨਹੀਂ ਬਣਿਆ,
ਲਾਏ ਮੋਰਚੇ ਬੜੇ ਅਕਾਲੀਆਂ ਨੇ।
ਪਾਟੇ ਦੁੱਧ ਤੇ ਬੁੱਧ ਨੂੰ ਕੌਣ ਸੀਵੇ,
ਝੋਕਾਂ ਉੱਜੜੀਆਂ ਕਿਨ ਸੰਭਾਲੀਆਂ ਨੇ।
'ਅਲੀ ਸ਼ੇਰ' ਪ੍ਰੇਮ ਦੇ ਤਕਲੇ ਤੇ,
ਕੱਢੇ ਤੰਦ ਤਰਿੰਜਣਾਂ ਵਾਲੀਆਂ ਨੇ॥ ੪॥



Namdhari Elibrary NamdhariElibrary@gmail.com

ਸਾਵਣ ਸਾਰਿਆਂ ਦੇ ਘਰੀਂ ਖ਼ੀਰ ਪੱਕੇ,
ਕੋਈ ਇਹੋ ਜਿਹਾ ਸਾਉਣ ਉਡੀਕਦੇ ਹਾਂ।
ਰੁੱਸੇ ਚਿਹਰਿਆਂ ਉਤੇ ਬਹਾਰ ਆਵੇ,
ਲੋਚਵਾਨ ਅਜੇਹੀ ਤਰੀਕ ਦੇ ਹਾਂ।
ਕਾਣੀ ਵੰਡ ਮਧੋਲਿਆ ਰਿਸ਼ਤਿਆਂ ਨੂੰ,
ਪੁੱਤਰ ਸਦਾ ਹੀ ਕਿਸੇ ਸ਼ਰੀਕ ਦੇ ਹਾਂ।
ਕਿਸੇ ਧਰਤ ਧਰਵਾਸ ਦੀ ਹਿੱਕ ਉਤੇ,
ਅਸੀਂ ਆਪਣੇ ਦਰਦ ਉਲੀਕਦੇ ਹਾਂ।
ਬੂਹੇ ਯਾਦਾਂ ਦੇ ਰੱਖੀਏ ਸਦਾ ਖੁੱਲ੍ਹੇ,
ਤਲਬਦਾਰ ਅਸੀਂ ਹਸ਼ਰ ਤੀਕ ਦੇ ਹਾਂ।
ਉਮਰ ਰੁੱਖ ਦੀ ਬਦਲਦੀ ਛਾਂ ਹੇਠਾਂ,
ਮੰਜੀ ਸਾਹਾਂ ਦੀ ਰੋਜ਼ ਧਰੀਕਦੇ ਹਾਂ।
ਜਾਵੇ ਮਿਟ ਪਿਆਸ ਨਿਰਾਸਿਆਂ ਦੀ,
ਕੁੱਤੇ ਖੂਹ ਦੇ ਵਾਂਗਰਾਂ ਚੀਕਦੇ ਹਾਂ।
'ਅਲੀ ਸ਼ੇਰ' ਇਰਾਕ ਜੁਆਬ ਮੰਗੇ,
ਬਣੇ ਕਦੋਂ ਦੇ ਸੱਕੇ ਅਮਰੀਕ ਦੇ ਹਾਂ॥ ੫॥

ਭਾਦੋਂ ਭਰਮ ਭੁਲੇਖਿਆਂ ਵਿੱਚ ਫਸਕੇ,
ਵੇਖੀਂ ਸੋਚ ਕੇ ਖੰਭ ਖੁਹਾ ਨਾ ਬਹੀਂ।
ਜਾਣ ਪਾਰ ਭਵ-ਸਾਗਰ ਦੇ ਲੋਭ ਅੰਦਰ,
ਕਿਤੇ ਗਲ ਦੇ ਕੱਪੜੇ ਲੁਹਾ ਨਾ ਬਹੀਂ।
ਅਗਲੇ ਜਨਮਾਂ ਦੇ ਬੜੇ ਹੁਸੀਨ ਲਾਰੇ,
ਜਨਮ ਇਹੋ ਈ ਨਰਕ ਬਣਾ ਨਾ ਬਹੀਂ।
ਕੱਟ ਲਵਾਂਗੇ ਫੇਰ ਚਉਰਾਸੀਆਂ ਨੂੰ,
ਫਸੀ ਹੋਈ ਵੀ ਕਿਤੇ ਉਡਾ ਨਾ ਬਹੀਂ।
ਕਿਤੇ ਰਾਗ ਦਵੇਸ਼ ਮੁਕਾਉਣ ਲੱਗਾ,
ਰਤਾ ਜੀਵਨ ਦੀ ਆਸ ਮੁਕਾ ਨਾ ਬਹੀਂ।
ਬੰਦਾ ਬੰਦਾ ਹੀ ਰਹੇ ਤਾਂ ਰਹੇ ਚੰਗਾ,
ਇਹਨੂੰ ਦੇਵਤਾ ਕਿਤੇ ਬਣਾ ਨਾ ਬਹੀਂ।
ਮਸਾਂ ਮਸਾਂ ਹੈ ਜਾਗਦੀ ਰੀਝ ਕੋਈ,
ਦੇ ਦੇ ਲੋਰੀਆਂ ਇਹਨੂੰ ਸੁਆ ਨਾ ਬਹੀਂ।
'ਅਲੀ ਸ਼ੇਰ' ਪੂਜੀਂ ਸਦਾ ਕਿਰਤੀਆਂ ਨੂੰ,
ਕੋਈ ਵੱਖਰਾ ਰੱਬ ਬਣਾ ਨਾ ਬਹੀਂ॥ ੬॥

ਅੱਸੂ ਆਸਾ ਨਿਰਾਸਾ ਦੇ ਖੇਲ੍ਹ ਅੰਦਰ,
ਵੱਟੇ ਪੈਂਤੜੇ ਬੜੇ ਖਿਡਾਰੀਆਂ ਨੇ।
ਪਰਚੀ ਲੈ ਕੇ ਕਰਨ ਵਿਹਾਰ ਏਦਾਂ,
ਗਿੱਦੜੀ ਰੰਗਿਆ ਮੱਟ ਲਲਾਰੀਆਂ ਨੇ।
ਇਹ ਸਾਨੂੰ ਤੇ ਸੱਚੀਆਂ ਨਾ ਜਾਪਣ,
ਗੱਲਾਂ ਜਿਹੜੀਆਂ ਚੋਗ ਖਲਾਰੀਆਂ ਨੇ।
ਇਕ ਫੰਧ ਦੇ ਵਿੱਚ ਜਹਾਨ ਫਾਥਾ,
ਕਾਰਾਗਰੀ ਬਣਾਈ ਸ਼ਿਕਾਰੀਆਂ ਨੇ।
ਵੱਡੀ ਲੁੱਟ ਮਾਸੂਮ ਦੇ ਮੱਤ ਦੀ ਹੈ,
ਏਸੇ ਗੱਲ ਤੇ ਕਾਇਮ ਸਰਦਾਰੀਆਂ ਨੇ।
ਉਸ ਮਿਸਲ ਨੂੰ ਡੀ. ਸੀ. ਨਾ ਰੱਦ ਸੱਕੇ,
ਕੀਤੀ ਜਿਹੜੀ ਰੀਪੋਟ ਪਟਵਾਰੀਆਂ ਨੇ।
ਚੰਦਨ ਏਕਤਾ ਰੁੱਖ ਸੀ ਮੁਲਕ ਸਾਡਾ,
ਦਿਤਾ ਕੱਟ ਇਹਨੂੰ ਫਿਰਕੂ ਆਰੀਆਂ ਨੇ।
'ਅਲੀ ਸ਼ੇਰ' ਅਜੇ ਤੀਕਰ ਉਹੀ ਹੁੰਦਾ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ॥ ੭॥

ਕੱਤਕ ਕੱਤਦਿਆਂ ਪਿੰਜਦਿਆਂ ਵੱਟਦਿਆਂ ਹੀ,
ਜਿਨਸ ਆਪਣਾ ਰੰਗ ਵਟਾ ਜਾਂਦੀ।
ਲੋਕ ਘੋਲ ਦੀ ਪੀ ਲਈ ਪਾਹੁਲ ਜਿਹਨਾਂ,
ਰੂਹ ਉਹਨਾਂ ਦੀ ਸਦਾ ਨਸ਼ਿਆ ਜਾਂਦੀ।
ਖੁਸ਼ੀ ਕੱਲਿਆਂ ਕਦੇ ਨਾ ਹੱਥ ਆਵੇ,
ਖੁਸ਼ੀ ਵਿੱਚ ਸਮੂਹ ਸਮਾਂ ਜਾਂਦੀ।
ਦੁੱਖ ਹੋਵੇ ਤਾਂ ਚੀਕੀਏ ਚੜ੍ਹ ਕੋਠੇ,
ਖਲਕਤ ਆਣ ਕੇ ਦੁੱਖ ਵੰਡਾ ਜਾਂਦੀ।
ਕੁੰਡਲ ਮਾਰ ਨਾ ਦੱਬੀਆਂ ਦੌਲਤਾਂ ਤੇ,
ਬਰਕਤ ਹੱਥ ਵਰਤਾਵੇ ਦੇ ਆ ਜਾਂਦੀ।
ਓਸ ਅੱਖ ਦੇ ਨਾਲ ਦੀ ਹੋਰ ਕਿਹੜੀ,
ਜਿਹੜੀ ਭੇਦ ਮਹਿਬੂਬ ਦਾ ਪਾ ਜਾਂਦੀ।
ਓਸ ਨੀਂਦ ਨੇ ਤੇਰਾ ਸੁਆਰਨਾ ਕੀ,
ਜਿਹੜੀ ਨਸ਼ੇ ਦੀ ਗੋਲੀ ਲਿਆ ਜਾਂਦੀ।
'ਅਲੀ ਸ਼ੇਰ' ਰਹਾਉ ਤੇ ਸਹਿਜ ਅੰਦਰ,
ਧੰਨ! ਜਿਹਨਾਂ ਦੀ ਉਮਰ ਵਿਹਾ ਜਾਂਦੀ॥ ੮॥



Namdhari Elibrary NamdhariElibrary@gmail.com

ਮੱਘਰ ਮਜਲਸਾਂ ਫੇਰ ਵੀ ਲੱਗਣਾ ਏ,
ਕੀ ਹੋਇਆ ਜੋ ਟੁਰ ਗਏ ਬਹਿਣ ਵਾਲੇ।
ਸਮਾਂ ਕਦੇ ਵੀ ਕੀਲਿਆਂ ਨਹੀਂ ਜਾਂਦਾ,
ਗੱਲ ਤੱਤ ਦੀ ਕਹਿ ਗਏ ਕਹਿਣ ਵਾਲੇ।
ਕਿਹਨਾਂ ਲਈ ਅਟਾਰੀਆਂ ਛੱਤੀਆਂ ਈ,
ਕੀ ਜਾਣੀਏ ਕੌਣ ਨੇ ਰਹਿਣ ਵਾਲੇ।
ਅੰਨ੍ਹੇ ਖੂਹ ਵਾਂਗੂੰ ਖੇਡ ਹੁਕਮ ਦੀ ਏ,
ਪੱਥਰ ਦਿਲ ਹੋ ਗਏ ਸਹਿ ਸਹਿ ਸਹਿਣ ਵਾਲੇ।
ਇਲਮ ਆਰਜ਼ੂ ਕਿਸੇ ਨੇ ਨਹੀਂ ਪੁੱਛੀ,
ਸਾਰੇ ਵੱਸ ਅਨਪੜ੍ਹਾਂ ਦੇ ਪੈਣ ਵਾਲੇ।
ਨਾ ਛੱਡ ਹੰਕਾਰ ਦੇ ਗੌਲਿਆਂ ਨੂੰ,
ਕਿਲੇ ਆਸ ਉਮੀਦ ਦੇ ਢਹਿਣ ਵਾਲੇ।
ਸੂਰਜ ਵਾਂਗ ਜਿਹਦਾ ਤਪ ਤੇਜ ਹੋਵੇ,
ਵੇਲੇ ਆ ਜਾਂਦੇ ਦਿਹੁੰ ਲਹਿਣ ਵਾਲੇ।
'ਅਲੀ ਸ਼ੇਰ' ਮਨੁੱਖ ਤੋਂ ਕੌਣ ਵੱਡਾ,
ਸਾਰੇ ਕੂੜ ਦੇ ਫ਼ਲਸਫ਼ੇ ਢਹਿਣ ਵਾਲੇ॥ ੯॥

ਪੋਹ ਖੋਹ ਖਰਾਬੇ ਦੀ ਰੁੱਤ ਅੰਦਰ,
ਸਾਰੇ ਸੋਚਦੇ ਤੇਰੀਆਂ ਮੇਰੀਆਂ ਨੇ।
ਕਿਰਨ ਰੋਸ਼ਨੀ ਕਦੋਂ ਨਸੀਬ ਹੋਊ,
ਕਦੋਂ ਮੁੱਕਣਾ ਰਾਤਾਂ ਹਨੇਰੀਆਂ ਨੇ।
ਕਿਤੇ ਵੰਡਰਾਂ ਬੂਹੇ ਤੇ ਢੱਝੀਆਂ ਨੇ,
ਕੋਈ ਚੁੰਘਦੇ ਪਏ ਲਵੇਰੀਆਂ ਨੇ।
ਕਿਤੇ ਚੂੰਗੀ ਹਰਨੋਟੇ ਨੇ ਪਏ ਭਰਦੇ,
ਕਿਤੇ ਕੁੱਦੀਆਂ ਅਲਕ ਵਛੇਰੀਆਂ ਨੇ।
ਕਿਤੇ ਰੱਤੀਆਂ ਪਈਆਂ ਤੁਲੀਂਦੀਆਂ ਨੇ,
ਕਿਤੇ ਧੜੇ ਦੇ ਵਿੱਚ ਪੰਸੇਰੀਆਂ ਨੇ।
ਕਿਤੇ ਆਏਂ ਤੇ ਹਾਲ ਸੁਣਾ ਦਈਏ,
ਜਿੰਦਾਂ ਵੱਸ ਪਈਆਂ ਘੁੰਮਣ-ਘੇਰੀਆਂ ਨੇ।
ਹੁਣ ਤੇਂਦਲਾਂ ਤੇ ਰੀਝੇ ਕ੍ਰਿਸ਼ਨ ਕਿਹੜਾ,
ਉਹਨੂੰ ਹੋਰ ਨਿਆਜ਼ਾਂ ਬਥੇਰੀਆਂ ਨੇ।
'ਅਲੀ ਸ਼ੇਰ' ਤੀਲ੍ਹਾ ਤੀਲ੍ਹਾ ਕਰੀਂ ਕੱਠਾ,
ਜਾਨਾਂ ਬਹੁਕਰਾਂ ਵਾਂਗ ਬਥੇਰੀਆਂ ਨੇ॥ ੧੦॥

ਮਾਘ ਮਨਾਂ ਦੀ ਕਰਕੇ ਭੋਇੰ ਪੱਧਰ,
ਓਥੇ ਕਾਸ਼ਨੀ ਫੁੱਲ ਉਗਾਈਏ ਜੀ।
ਵੇਖੀਂ ਕਿਤੇ ਸੰਵੇਦਨਾ ਮਾਰ ਨਾ ਬਹੀਂ,
ਦੀਨ ਦੁਖੀ ਦਾ ਦਰਦ ਵੰਡਾਈਏ ਜੀ।
ਸੀਨਾ ਸਾਗਰਾਂ ਦਾ ਸਦਾ ਫੋਲ ਕੇ ਤੇ,
ਮੱਥਾ ਨਾਲ ਪਹਾੜ ਦੇ ਲਾਈਏ ਜੀ।
ਡੁੱਲ੍ਹੀ ਰੱਤ ਜਿੱਥੇ ਕਿਰਤੀ ਕਾਮਿਆਂ ਦੀ,
ਧੂੜੀ ਮਸਤਕਾਂ ਨਾਲ ਛੁਹਾਈਏ ਜੀ।
ਪੁੱਜਣ ਲਈ ਮਹਿਬੂਬ ਦੇ ਦਰਾਂ ਉਤੇ,
ਭਾਂਵੇ ਕੇਤਨੇ ਵੇਸ ਬਣਾਈਏ ਜੀ।
ਖੱਬੀ ਖਾਨਾਂ ਤੋਂ ਲੰਘੀਏ ਵਲਾ ਪਾਕੇ,
ਉੜੇ ਥੁੜੇ ਦਾ ਸਾਥ ਨਿਬਾਹੀਏ ਜੀ।
ਮਿੱਤਰ ਪਰਖਿਆ ਤੋਲਿਆ ਹੋਏ ਜਿਹੜਾ,
ਗੱਲਾਂ ਗੱਲਾਂ 'ਚ ਨਾਂਹ ਗਵਾਈਏ ਜੀ।
'ਅਲੀ ਸ਼ੇਰ' ਨਾਂ ਕਿਸੇ ਦਾ ਡਰ ਮੰਨੀਂ,
ਨਾ ਕਿਸੇ ਨੂੰ ਆਪ ਡਰਾਈਏ ਜੀ॥ ੧੧॥

ਫੱਗਣ ਫੇਰ ਨਹੀਂ ਕਦੇ ਵੀ ਫੇਰ ਆਉਂਦਾ,
ਏਸੇ ਘੜੀ ਨੂੰ ਲੈ ਅਪਣਾ ਬੇਲੀ।
ਵੇਲਾ ਬੀਤਿਆ ਤੇ ਰਾਹੋਂ ਘੁੱਥਿਆ ਜੋ,
ਕਦੇ ਨਹੀਂ ਆਉਂਦਾ ਸਿੱਧੇ ਦਾਅ ਬੇਲੀ।
ਮਾਂਜਾ ਮਾਰ ਬੁਹਾਰ ਕੇ ਕੰਡਿਆਂ ਨੂੰ,
ਫੇਰ ਤਨ ਤੰਦੂਰ ਨੂੰ ਤਾਅ ਬੇਲੀ।
ਜਿਹੜੀ ਅਕਲ ਨੇ ਰੱਸੀਆਂ ਵੱਟੀਆਂ ਨੇ,
ਓਸ ਅਕਲ ਤੋਂ ਚੰਗਾ ਸ਼ੁਦਾਅ ਬੇਲੀ।
ਜਦੋਂ ਨੇਕੀਉਂ ਸੱਖਣਾ ਤੂੰ ਹੋਇਆ,
ਭਰਿਆ ਜਾਣਾ ਨਹੀਂ ਇਹ ਖਲਾਅ ਬੇਲੀ।
ਭਰਕੇ ਦਰਦ ਫਿਰਾਕ ਦੀ ਬਹਿਰ ਅੰਦਰ,
ਕੋਈ ਸੱਦ ਵਿਯੋਗ ਦੀ ਲਾ ਬੇਲੀ।
ਆਉਣਾ ਉਹਨਾਂ ਦਾ ਸਫਲ ਜਹਾਨ ਅੰਦਰ,
ਦਿਤੇ ਆਪਣੇ ਬੋਲ ਪੁਗਾ ਬੇਲੀ।
'ਅਲੀ ਸ਼ੇਰ' ਬੁਝਾਰਤਾਂ ਵਿੱਚ ਫਸਕੇ,
ਦਿਤੀ ਰੋਤ ਦੀ ਗੱਲ ਭੁਲਾ ਬੇਲੀ॥ ੧੨॥

*ਪਿੰਡ ਤੇ ਡਾਕ. ਕਰੀਵਾਲਾ (ਸਿਰਸਾ)-125075*


Namdhari Elibrary NamdhariElibrary@gmail.com

## ਰੰਗ ਦੇਖਿਆ

*—ਅਜੈਬ ਸਿੰਘ*

ਤੇਰੀ ਵਸਦੀ ਰਸਦੀ ਦੁਨੀਆ ਦਾ ਮੈਂ ਰੰਗ ਦੇਖਿਆ
ਜਿਹੜੇ ਲਿਸ਼ਕਦੇ ਸੀ ਬਹੁਤੇ ਅੰਦਰ ਜ਼ੰਗ ਦੇਖਿਆ

ਟਾਕੀ ਅੰਬਰਾਂ ਨੂੰ ਲਾਉਂਦੇ ਗੀਤ ਸਾਹਮਣੇ ਹੀ ਗਾਉਂਦੇ
ਸਬਕ ਅਮਨ ਦਾ ਪਾਉਂਦੇ ਅੰਦਰ ਜੰਗ ਦੇਖਿਆ

ਮਾਰਨ ਚੰਨ ਤੇ ਉਡਾਰੀ ਕਰਨ ਪਾਣੀ ਤੇ ਸਵਾਰੀ
ਕਰਾਮਾਤ ਦੇ ਖਿਡਾਰੀ ਹੋ ਕੇ ਦੰਗ ਦੇਖਿਆ

ਬਿਨਾਂ ਨਾਮ ਖਾਲੀ ਪੱਲੇ ਸੱਚ ਜਾਣੋ ਪੂਰੇ ਕੱਲੇ
ਹੱਥੀਂ ਮੁੰਦੀਆਂ ਤੇ ਛੱਲੇ ਪੀਂਦੇ ਭੰਗ ਦੇਖਿਆ

ਮਾਇਆ ਧਾਰੀਆਂ ਤੋਂ ਭੈੜੇ ਧੋਖੇਬਾਜ਼ ਤੇ ਅਵੈੜੇ
ਰੱਬ ਕਿਸੇ ਦੇ ਨਾ ਮੈਂ ਤਾਂ ਅੰਗ ਸੰਗ ਦੇਖਿਆ

ਸੁਦੀਆਂ ਫੰਗਾਂ ਦੀਆਂ ਡਾਰਾਂ ਦੱਸਣ ਟੋਟਕੇ ਹਜ਼ਾਰਾਂ
ਕਿਸੇ ਪੱਲੇ ਮੈਂ ਤਾਂ ਇਕ ਭੀ ਨਾ ਢੰਗ ਦੇਖਿਆ

ਕੁਝ ਸਾਨੂੰ ਭੀ ਸਿਖਾਓ, ਸਾਡੇ ਪੱਲੇ ਭੀ ਤਾਂ ਪਾਓ
ਮੈਂ ਤੇ ਕਈਆਂ ਕੋਲੋਂ ਬਾਰ ਬਾਰ ਮੰਗ ਦੇਖਿਆ

ਕੀਤਾ ਕਈਆਂ ਤੇ ਵਿਸਾਹ ਪੱਲੇ ਪਈ ਨਾ ਸਵਾਹ
ਕਈ ਢੌਂਗੀਆਂ ਨੇ ਸਾਨੂੰ ਡੰਗ ਡੰਗ ਦੇਖਿਆ

ਜਿਸ ਪਾਇਆ ਬਿਨਾਂ ਭੇਖ ਤੋਂ ਭੀ ਪਾਇਆ
ਪਿੰਡਾਂ ਉਹਨਾਂ ਦਾ ਹੋਇਆ ਮੈਂ ਕੁਰੰਗ ਦੇਖਿਆ।

## ਨੀ ਜਿੰਦੇ

*—ਅਜੈਬ ਸਿੰਘ*

ਜਿਸ ਭੀ ਪਾਇਆ ਜ਼ੀਰੋ ਬਣ ਕੇ ਪਾਇਆ ਹੈ
ਜਿਸ ਗਵਾਇਆ ਹੀਰੋ ਬਣ ਗਵਾਇਆ ਹੈ

ਚਲ ਜਿੰਦੇ ਦਰ ਯਾਰ ਦੇ ਚਲੀਏ
ਸਾਰੀ ਰਾਤ ਈ ਸੁਪਨਾ ਯਾਰ ਦਾ ਆਇਆ ਹੈ

ਫੁੱਲਾਂ ਦੇ ਕੀ ਹਾਰ ਪਰੋਈ ਜਾਨੀ ਏਂ
ਉਸ ਨੂੰ ਹੰਝੂਆਂ ਬਾਝ ਕਦੋਂ ਕੁਛ ਭਾਇਆ ਹੈ

ਉਹ ਤਾਂ ਨਗ਼ਮੇ ਕੇਵਲ ਦਿਲ ਦੇ ਸੁਣਦਾ ਹੈ
ਉਹਨੂੰ ਗਲੇ ਦੇ ਨਾਲ ਨਾ ਕਿਸੇ ਰੀਝਾਇਆ ਹੈ

ਯਾਰ ਮਨਾਵਣ ਦਾ ਇਹ ਕਿਹੜਾ ਰਸਤਾ ਹੈ
ਚੋਲੇ ਤੇ ਕੀ ਗੂੜ੍ਹਾ ਰੰਗ ਚੜਾਇਆ ਹੈ

ਗਲੀ ਯਾਰ ਦੇ ਘਰ ਦੀ ਡਾਢੀ ਭੀੜੀ ਹੈ
ਤੂੰ ਹਉਮੈਂ ਦਾ ਮੋਟਾ ਚੰਮ ਚੜ੍ਹਾਇਆ ਹੈ

ਉਡੇ ਖੁਸ਼ਬੋ, ਆਵੇ ਕਣਸੋ, ਇਹ ਕੌਣ ਹੈ ਆਇਆ
ਲਗਦੈ ਯਾਰੜਾ ਆਪੇ ਚਲ ਕੇ ਆਇਆ ਹੈ

ਸਾਲਾਂ ਬੱਧੀ ਔੜ ਮਸਾਂ ਹੀ ਟੁੱਟੀ ਹੈ
ਮੇਹਰਾਂ ਦਾ ਉਸ ਐਸਾ ਮੀਂਹ ਵਰਸਾਇਆ ਹੈ

*ਅਸੀਸ, ਦੀ ਮਾਲ,*
*ਕਪੂਰਥਲਾ—144601*

## ਰੁਬਾਈਆਂ */ਨਵਰਾਹੀ ਘੁਗਿਆਣਵੀ*

(੧)

ਧਰਮ ਦੇ ਨਾਂ ਤੇ ਜ਼ੁਲਮ ਹੋ ਰਹੇ ਕੀ ਕਰੀਏ, ਕੀ ਕਰੀਏ ?
ਜੱਗ ਦੀ ਸ਼ਰਮ ਵੀ ਰੱਖਣੀ ਪੈਂਦੀ, ਸਾਹਿਬ ਕੋਲੋਂ ਡਰੀਏ।
ਧਰਮ ਦਾ ਅਸਲੀ ਮਤਲਬ ਕਰਤੱਵ, ਸਾਂਝ, ਮੁਹੱਬਤ, ਸੇਵਾ ;
'ਨਵਰਾਹੀ' ਬੇਸਮਝੀ ਕਾਰਨ, ਠੰਢੇ ਹਉਕੇ ਭਰੀਏ।

(੨)

ਅਸਲ ਭਾਵਨਾ ਗਾਇਬ ਹੋ ਗਈ, ਬਾਹਰੀ ਧਰਮ ਵਖਾਲਾ।
ਰੱਬ ਦਾ ਨਹੀਂ ਸਰੂਪ ਸਮਝਦੇ, ਪਲ ਪਲ ਫੇਰਨ ਮਾਲਾ,
ਮਾਨਵਤਾ ਦਾ ਦਰਦ ਵੰਡਾਇਆ, ਧਰਮ ਦਾ ਅਸਲੀ ਮੰਤਵ;
'ਨਵਰਾਹੀ' ਤਨ ਗੋਰਾ ਚਿੱਟਾ, ਮਨ ਕਾਲੇ ਦਾ ਕਾਲਾ।

(੩)

ਤੇਰੇ ਤੋਂ ਪ੍ਰਭਾਵਿਤ ਹੋ ਕੇ, ਮੈਂ ਛੁਹੀਆਂ ਉਚਿਆਈਆਂ।
ਦਿਲ ਸਾਗਰ 'ਚੋਂ ਮੋਤੀਆਂ ਵਾਂਙੂ, ਪਾਈਆਂ ਗੁਪਤ ਸੱਚਾਈਆਂ।
ਅਨੁਭਵ ਮੇਰਾ ਰਿਹਾ ਨਿਖ਼ਰਦਾ ਮਿਹਰ ਤੇਰੀ ਦੇ ਸਦਕਾ;
'ਨਵਰਾਹੀ' ਕਸਵੱਟੀ ਪਰਖੇ, ਚੰਗਿਆਈਆਂ ਬੁਰਿਆਈਆਂ।

(੪)

ਫੁੱਲਾਂ ਨੂੰ ਮੁਸਕਾਉਂਦਿਆਂ ਤੱਕੋ, ਫੇਹਣਾ ਘੋਰ ਜਹਾਲਤ।
ਅਸਲ ਹੁਸਨ ਦੀ ਅਮਰ ਇਸ਼ਕ ਦੀ, ਕਿਹੜਾ ਕਰੇ ਵਕਾਲਤ?
ਹੋਰ ਅਨੇਕਾਂ ਮਸਲੇ ਹਨ ਜੋ ਸਮਝੋਂ ਰਹਿਣ ਪਰੇਡੇ;
'ਨਵਰਾਹੀ' ਇਨਸਾਫ਼ ਵਿਲਕਦਾ, ਬੈਠੀ ਚੁੱਪ ਅਦਾਲਤ।

*ਨਹਿਰ ਨਜ਼ਾਰਾ ਨਿਊ ਹਰਿੰਦਰ ਨਗਰ, ਫਰੀਦਕੋਟ, 151203*



Namdhari Elibrary NamdhariElibrary@gmail.com

# ਸ਼ਹੀਦ ਵਰਿਆਮ ਸਿੰਘ

*—ਪ੍ਰਿੰਸੀਪਲ ਅਜੀਤ ਸਿੰਘ ਚੀਮਾ*
*ਨੈਸ਼ਨਲ ਐਵਾਰਡੀ*

ਕਾਵਨ ਸੱਦ ਤੇ ਕਿਹਾ ਵਰਿਆਮ ਸਿੰਘ ਤਾਂਈ
ਤਰਸ ਆਉਂਦਾ ਏ ਵੇਖ ਸ਼ਬਾਬ ਸਿੰਘਾ
ਸਿੱਖੀ ਵਿਚੋਂ ਨਹੀਂ ਕੁਝ ਨਸੀਬ ਹੋਣਾ
ਲਾਹ ਦੇ ਸਿੱਖੀ ਦਾ ਮੂੰਹੋਂ ਨਕਾਬ ਸਿੰਘਾ

ਤੈਨੂੰ ਦਿਆਂਗੇ ਅਸੀਂ ਜਗੀਰ ਵੱਡੀ
ਅਤੇ ਕਰਾਂਗੇ ਅਦਬ ਅਦਾਬ ਸਿੰਘਾ
ਤੇਰੇ ਪਿੱਛੇ ਸਿਫਾਰਸ਼ਾਂ ਬਹੁਤ ਆਈਆਂ
ਜਾਨ ਬੁੱਝ ਕੇ ਨਾ ਸਹਿ ਅਜਾਬ ਸਿੰਘਾ
ਅਸੀਂ ਆਪ ਕਰੜੇ ਕਰੜਾ ਹੁਕਮ ਸਾਡਾ
ਔਖਾ ਕਰੇਗਾ ਕਰੜਾ ਕਰੋਪ ਮੇਰਾ
ਤੇਰਾ ਸੁੰਦਰ ਸਰੀਰ ਸਡੋਲ ਸੁਹਣਾ
ਤੂੰਬਾ ਤੂੰਬਾ ਉਡਾਏਗੀ ਤੋਪ ਤੇਰਾ

ਤੇਰੇ ਹੱਕ ਵਿੱਚ ਗਲ ਇਕ ਹੋਰ ਜਾਵੇ
ਅਜੇ ਹੋਇਆ ਤੂੰ ਮੌਤ ਦੇ ਹਾਣ ਦਾ ਨਹੀਂ
ਤੋਪ ਉੱਚੀ ਤੇ ਕੱਦ ਹੈ ਬਹੁਤ ਨੀਵਾਂ
ਤੇਰਾ ਜੋੜ ਵੇ ਮੌਤ ਪੁਨਾਣ ਦਾ ਨਹੀਂ
ਦੋ ਟੂੱਕ ਤੂੰ ਫੈਸਲਾ ਕਰ ਛੇਤੀ
ਵੇ ਸਮਾਂ ਹੁਣ ਸਮਾਂ ਗਵਾਣ ਦਾ ਨਹੀਂ
ਘੜੀ-ਘੜੀ ਇਨਕਲਾਬ ਤੂੰ ਕੂਕਨਾ ਏ
ਤੂੰ ਤਾਕਤ ਅੰਗਰੇਜ਼ ਦੀ ਜਾਣਦਾ ਨਹੀਂ ?
ਸਾਡੇ ਰਾਜ ਅੰਦਰ ਸੂਰਜ ਡੁੱਬਦਾ ਨਹੀਂ
ਕਿਹੜਾ ਜੰਮਿਆਂ ਏ ਅੱਗੇ ਅੜਨ ਵਾਲਾ
ਸਾਡੀ ਕੌਮ ਬਹਾਦਰ ਦਲਾਵਰਾਂ ਦੀ
ਕਿਹੜਾ ਮਾਈ ਦਾ ਲਾਲ ਵੇ ਲੜਨ ਵਾਲਾ ?

ਕਾਵਨ ਤਾਈਂ ਵਰਿਆਮ ਸਿੰਘ ਕਿਹਾ ਅੱਗੋਂ
ਮੇਰੀ ਜ਼ਿੰਦਗੀ ਨੂੰ ਤੂੰ ਕਿਉਂ ਲੋੜਨਾ ਏਂ
ਮਸਾਂ-ਮਸਾਂ ਸ਼ਹੀਦਾਂ ਵਿੱਚ ਨਾਮ ਆਇਆ
ਮੈਨੂੰ ਨਾਲ ਗਦਾਰਾਂ ਕਿਉਂ ਜੋੜਨਾ ਏਂ
ਦੇਸ਼ ਭਗਤਾਂ ਵਿੱਚ ਲਿਖ ਕੇ ਨਾਮ ਮੇਰਾ
ਕਿਹੜੀ ਦਫ਼ਾ ਲਾ ਕੇ ਮੈਨੂੰ ਛੋੜਨਾ ਏਂ
ਮੇਰਾ ਗੁਰੂ ਵੱਡਾ ਮੇਰਾ ਪੰਥ ਵੱਡਾ
ਮਧਰਾ ਵੇਖ ਕੇ ਮੂੰਹ ਮਰੋੜਨਾ ਏਂ
ਆਸ਼ਕ ਖੜ੍ਹੇ ਸ਼ਹੀਦੀ ਉਡੀਕਦੇ ਨੇ
ਸਾਨੂੰ ਲੋੜ ਨਹੀਂ ਸੜੀ ਸਫ਼ਾਰਸ਼ਾ ਦੀ
ਮੇਰੀ ਲਾਸ਼ ਨੂੰ ਕੋਈ ਨਾ ਹੱਥ ਲਾਵੇ
ਮੈਂ ਨਹੀਂ ਮਦਦ ਚਾਹੁੰਦਾ ਟੋਡੀ ਵਾਰਸਾਂ ਦੀ।

ਸੱਚੇ ਆਸ਼ਕ ਨਹੀਂ ਮੌਤ ਤੋਂ ਕਦੀ ਡਰਦੇ
ਕੱਦ ਕਿਨੇਂ ਸਮੁੰਦਰ ਜਾਂ ਬੜੇ ਹੋਵਨ
ਕਿਸੇ ਮਾਂਦਰੀ ਤਾਈਂ ਉਡੀਕਦੇ ਨਹੀਂ
ਭਾਵੇਂ ਸੱਪ ਕਰੂੰਡੀਏ ਲੜੇ ਹੋਵਨ
ਲਹਿਰ ਇਸ਼ਕ ਝਨਾਂ ਵਿੱਚ ਠਿੱਲ ਪੈਂਦੇ
ਕੱਚੇ ਘੜੇ ਭਾਵੇਂ ਪੱਕੇ ਫੜੇ ਹੋਵਨ
ਕਤਲਗਾਹ 'ਚੋ ਕਦੀ ਨਹੀਂ ਮੁੜੇ ਪਿੱਛੇ
ਜਿਹੜੇ ਸੀਸ ਧਰ ਤਲੀ ਤੇ ਖੜੇ ਹੋਵਨ
ਜਦੋਂ ਸ਼ਮਾਂ ਪ੍ਰੇਮ ਦੀ ਜਗ ਪੈਂਦੀ
ਚੜ੍ਹਦੇ ਚਾ ਨੇ ਵੇਖ ਪ੍ਰਵਾਨਿਆਂ ਨੂੰ
ਖਾਤਰ ਦੇਸ਼ ਦੀ ਮੌਤ ਪ੍ਰਵਾਨ ਕਰਦੇ
ਅਤੇ ਗਾਉਂਦੇ ਇਨਕਲਾਬੀ ਤਰਾਨਿਆਂ ਨੂੰ।

ਸਾਡੇ ਇੱਕ-ਇੱਕ ਲਹੂ ਦੇ ਕਤਰਿਆਂ ਚੋਂ
ਕਈ ਲੱਖਾਂ ਜਵਾਨਾਂ ਨੇ ਜੰਮਣਾ ਏ
ਸ਼ਕਤੀ ਸ਼ਾਲੀਆਂ ਦੀ ਵੇਖ-ਵੇਖ ਸ਼ਕਤੀ
ਵਾਂਗ ਗਿੱਦੜਾਂ ਗੋਰਿਆਂ ਕੰਬਣਾ ਏ
ਜਿਵੇਂ ਜੱਟੀ ਕਪਾਹ ਨੂੰ ਝੰਬਦੀ ਏ
ਨਾਲ ਝੰਬਣੀ ਤੁਸਾਂ ਨੂੰ ਝੰਬਣਾ ਏ
ਜਦੋਂ ਸਾਰੇ ਹੀ ਹਿੰਦੀ 'ਵਰਿਆਮ' ਬਣ ਗਏ
ਤੁਸਾਂ ਹਿੰਦ ਨੂੰ ਛੱਡ ਕੇ ਭੱਜਣਾ ਏ।

ਅੱਜ ਅਸੀਂ ਆਜ਼ਾਦੀ ਦੀ ਨੈਂ ਅੰਦਰ
ਬਿਨਾਂ ਬੇੜੀਉਂ ਅਸੀਂ ਹਾਂ ਤਰਨ ਲੱਗੇ
ਤੋੜਨ ਲਈ ਗੁਲਾਮੀ ਦੇ ਸੰਗਲਾਂ ਨੂੰ
ਪਹਿਲ ਸਭ ਤੋਂ ਪਹਿਲਾਂ ਹਾਂ ਕਰਨ ਲੱਗੇ
ਚੀਮਾ ਕੱਠੀਆਂ ਕਰ ਬਨਾਈ ਢੇਰੀ
ਸਿੰਘ ਤੋਪ ਅੱਗੇ ਸੀਨਾ ਡਾਹ ਦਿੱਤਾ
ਗੋਲਾ ਵਜਾ ਵਰਿਆਮ ਦੇ ਵਿੱਚ ਸੀਨੇ
ਬੰਦ-ਬੰਦ ਸੀ ਗੋਲੇ ਉਡਾ ਦਿੱਤਾ

ਲੱਤਾਂ-ਪੈਰ-ਬਾਹਾਂ ਅੱਡੋ-ਅੱਡ ਹੋਈਆਂ
ਸੀਸ ਧੜ ਸੀ ਸਭ ਖਿੰਡਾ ਦਿੱਤਾ
ਦੇਸ਼ ਕੌਮ ਦੀ ਆਨ ਤੇ ਸ਼ਾਨ ਬਦਲੇ
ਜਿਸਮ ਲੇਖੇ ਵਰਿਆਮ ਨੇ ਲਾ ਦਿੱਤਾ
ਐਂਵੇ ਬੰਧਨ ਗੁਲਾਮੀ ਦੇ ਨਹੀਂ ਟੁੱਟਦੇ
ਸੀਸ ਤਲੀ ਉੱਤੇ ਪਹਿਲਾਂ ਧਰੀ ਦਾ ਏ
'ਚੀਮਾ' ਦੱਸਿਆ ਹਿੰਦੋਸਤਾਨੀਆਂ ਨੂੰ
ਦੇਸ਼ ਕੌਮ ਖਾਤਿਰ ਏਦਾਂ ਮਰੀਦਾ ਏ


Namdhari Elibrary NamdhariElibrary@gmail.com

# ਜਿੰਦ ਧਰਮ ਤੋਂ ਘੋਲ ਘੁਮਾ ਦਿਆਂਗੇ

*—ਜਸਵਿੰਦਰ ਸਿੰਘ ਭਿੰਡਰ*

ਸਿੱਖੋ ਸਿੱਖੀ ਨੂੰ ਸਾਂਭ ਕੇ ਤੁਸੀਂ ਰੱਖੋ ਬੜੀਆਂ ਏਸ ਲਈ ਕੀਮਤਾਂ ਤਾਰੀਆਂ ਨੇ
ਬਾਜਾਂ ਵਾਲੇ ਨੇ ਐਸੀ ਪਿਊਂਦ ਲਾਈ ਵਿੱਚ ਏਸ ਦੇ ਬਰਕਤਾਂ ਸਾਰੀਆਂ ਨੇ।

ਇਹਦੇ ਸਿੱਦਕ ਦੀ ਦੱਸਾਂ ਕੀ ਗੱਲ ਲੋਕੋ ਜਿਹਦੇ ਅਗੇ ਸਭ ਤਾਕਤਾਂ ਹਾਰੀਆਂ ਨੇ
ਸੂਰਜ ਡੁੱਬਦਾ ਨਾ ਜਿਸ ਦੇ ਰਾਜ ਅੰਦਰ ਅਸੀਂ ਤਾਕਤਾਂ ਉਹ ਵੰਗਾਰੀਆਂ ਨੇ।

ਜਿਹਦੇ ਆਸਰੇ ਅਸੀਂ ਹਾਂ ਸਿਖ ਸਜੇ ਓਹਦੇ ਚਰਨਾਂ ਤੇ ਸੀਸ ਝੁਕਾ ਲਈਏ,
ਸਿੱਖੀ ਵਾਸਤੇ ਜਿਹਨੇ ਸੀ ਪੁੱਤ ਵਾਰੇ ਫੁੱਲ ਸ਼ਰਧਾਂ ਦੇ ਭੇਟ ਚੜ੍ਹਾ ਲਈਏ।

ਆਪ ਦੁੱਖ ਸਹਿਕੇ ਸਾਨੂੰ ਸੁੱਖ ਦਿੱਤੇ ਓਸ ਸਮੇਂ ਨੂੰ ਕਦੇ ਵਿਚਾਰਿਆ ਜੇ,
ਓਹਨੇ ਪੁੱਤਾਂ ਦਾ ਹੱਥੀਂ ਬਲੀਦਾਨ ਦਿਤਾ ਕਦੇ ਕੰਡੇ ਦਾ ਦੁਖ ਸਹਾਇਆ ਜੇ।

ਉਹਨਾਂ ਸੱਥਰ ਤੇ ਸੌਣਾ ਪ੍ਰਵਾਨ ਕੀਤਾ ਕਦੇ ਰੋੜਾਂ ਤੇ ਵਕਤ ਗੁਜ਼ਾਰਿਆ ਜੇ,
ਜਿੰਨੇ ਗਿੱਦੜੋਂ ਸ਼ੇਰ ਬਣਾ ਦਿੱਤਾ ਚੇਤਾ ਉਸਦਾ ਕਦੇ ਚਿਤਾਰਿਆ ਜੇ।

ਆਪਣੀ ਖਾਲਸਾ ਆਪ ਪਛਾਣ ਜੇਕਰ ਸਚੇ ਪਾਤਸ਼ਾਹ ਦੀ ਨੀਤੀ ਧਾਰੀਏ ਜੀ,
ਆ ਕੇ ਅੜੇਗਾ ਖਾਲਸੇ ਨਾਲ ਜਿਹੜਾ ਪਾਰ ਸੱਤ ਸਮੁੰਦਰੋਂ ਮਾਰੀਏ ਜੀ।

ਅੰਮ੍ਰਿਤ ਵਿੱਚ ਸ਼ਕਤੀ ਗੁਰਾਂ ਭਰੀ ਐਸੀ ਸਵਾ ਲੱਖ ਨੂੰ 'ਕੱਲੇ ਵੰਗਾਰਿਆ ਸੀ,
ਰਣ ਭੂਮੀ ਵਿੱਚ ਜੌਹਰ ਵਿਖਾਏ ਸਿੰਘਾਂ ਜਾਬਰ ਫੜਕੇ ਹਥੀਂ ਸੰਘਾਰਿਆ ਸੀ।

ਸਾਹਿਬਜ਼ਾਦੇ ਅਜੀਤ ਜੁਝਾਰ ਸਿੰਘ ਨੇ ਦੇਸ ਕੌਮ ਬਦਲੇ ਆਪਾ ਵਾਰਿਆ ਸੀ,
ਜ਼ੋਰਾਵਰ ਤੇ ਫਤਹਿ ਸਿੰਘ ਵਿੱਚ ਨੀਹਾਂ ਰੂਪ ਸਖਤ ਚਟਾਨਾਂ ਦਾ ਧਾਰਿਆ ਸੀ।

ਅਸੀਂ ਪੁੱਤਰ ਹਾਂ ਉਹਨਾਂ ਬਹਾਦਰਾਂ ਦੇ ਦੀਪ ਸਿੰਘ ਵਾਂਗੂੰ ਲੜਨਾ ਜਾਣਦੇ ਹਾਂ,
ਸਾਡੀ ਇੱਜ਼ਤ ਨੂੰ ਪਾਏ ਜੇ ਹਥ ਕੋਈ ਸੀਸ ਤਲੀ ਉਤੇ ਧਰਨਾ ਜਾਣਦੇ ਹਾਂ।

ਠੰਡੇ ਬੁਰਜ ਅੰਦਰ ਮਾਤਾ ਗੁਜਰੀ ਨੇ ਝੱਲੇ ਦੁਖ ਮੁਸੀਬਤਾਂ ਭਾਰੀਆਂ ਦੇ,
ਅਸੀਂ ਮੌਤ ਦੀ ਨਹੀਂ ਪ੍ਰਵਾਹ ਕੀਤੀ ਦੰਦੇ ਮੋੜ ਸੁਟੇ ਤਿਖੇ ਆਰੀਆਂ ਦੇ।

ਖੂਨ ਪਾਕੇ ਪਾਲਿਆ ਇਹ ਬੂਟਾ ਮੁਲ ਤਾਰੇ ਨੇ ਬੜੇ ਸਰਦਾਰੀਆਂ ਦੇ,
ਕੀ ਕੀ ਕਰੇ ਇਹ ਕਲਮ ਬਿਆਨ ਮੇਰੀ ਗੁਣ ਸੱਚ ਖਾਤਰ ਮੱਲਾਂ ਮਾਰੀਆਂ ਦੇ।

ਲੋੜ ਪਈ ਤਾਂ ਸਿਖੀ ਦੀ ਸ਼ਾਨ ਬਦਲੇ ਤਨ ਆਪਣਾ ਭੇਟ ਚੜ੍ਹਾ ਦਿਆਂਗੇ,
ਬਾਜਾਂ ਵਾਲੇ ਦੇ ਅਸੀਂ ਹਾਂ ਸਿਖ 'ਭਿੰਡਰ' ਜਿੰਦ ਧਰਮ ਤੋਂ ਘੋਲ ਘੁਮਾ ਦਿਆਂਗੇ।

*ਸਕੱਤਰ ਨਾਮਧਾਰੀ ਪੰਜਾਬੀ ਸਾਹਿਤ ਸਭਾ*
*ਪਿੰਡ ਜਗਜੀਤ ਨਗਰ (ਹਰੀਪੁਰਾ)*
*ਸ੍ਰੀ ਜੀਵਨ ਨਗਰ (ਸਿਰਸਾ)*



Namdhari Elibrary NamdhariElibrary@gmail.com

# ਲਹਿਰਾਂ

—ਦਲਬੀਰ ਸਿੰਘ ਤਰਸ

ਪੰਡਤ ਪੜ੍ਹੀਆਂ ਪੁਸਤਕਾਂ ਸ਼ੱਤਰੀ ਸ਼ਸਤਰ ਦੀ ਪਹਿਚਾਣ।
ਜੋਗੀ ਗੋਰਖ ਪੂਜਦੇ ਸਨਿਆਸ ਬਿਭੂਤ ਸਜਾਣ।
ਮੈਂ ਕਮਲੀ ਇਸ ਗਰਿਸਤ ਮਹਿ ਸੰਗ ਤੇਰੇ ਗਈ ਰੁੱਝ,
ਤੂਹੀਓਂ ਹਰੀਆਂ ਮੁਸ਼ਕਲਾਂ ਨਾਮ ਤੇਰਾ ਕਲਿਆਣ।

ਬਿਖ਼ ਸੰਚੇ ਸੌਦਾਗਰ ਆਏ ਮਾਇਆ ਮਹਿ ਲਿਪਟਾਏ।
ਜਿਉਂ ਜਿਉਂ ਵਧਦਾ ਜਾਏ ਖ਼ਜਾਨਾ ਤ੍ਰਿਸ਼ਨਾ ਹੋਰ ਤ੍ਰਿਹਾਏ।
ਸੰਤ ਜਨ ਭੀ ਵਣਜ ਕਰੇਂਦੇ ਹਰ ਰੰਗ ਗੰਜ ਉਸਾਰੇ,
ਲੰਮੀਂ ਵਾਟ ਲਈ ਇਹ ਪੂੰਜੀ ਜਾਂਦਿਆਂ ਸੰਗ ਨਿਭਾਏ।

ਸੁਣੋਂ ਅਰਦਾਸ ਸੁਆਮੀ ਮੇਰੇ ਸਤਿਗੁਰ ਸੇਵ ਕਮਾਵਾਂ।
ਲੰਮੇ ਕਦਮੀਂ ਵਧਾਂ ਅਗੇਰੇ ਹੋਰ ਨੇੜ ਨੂੰ ਪਾਵਾਂ।
ਨਾ ਬੋਇਓ ਕੋਈ ਬੀਜ ਵਿਸ਼ੈਲਾ ਸ਼ੰਕਾ ਉਤਪਨ ਹੋਵੇ,
ਹੀਰਿਆਂ ਨਾਲ ਇਹ ਜਿੰਦ ਸਜਾ ਕੇ ਦਰ ਸਜਨਾਂ ਦੇ ਜਾਵਾਂ।

ਇੱਕ ਛਾਬੇ ਮੈਂ ਸਭ ਜੱਗ ਰੱਖਾਂ ਦੂਜੇ ਮੁਹ ਸੱਜਣ ਦਾ ਧਰਿਆ।
ਕੂੜ ਦੀ ਮਾਇਆ ਜਗਤ ਲਿਪਟਿਆ ਸੂਖਮ ਸੱਤ ਦੂਏ ਪਲ ਹਰਿਆ॥
ਭਾਰ ਮਾਇਆ ਦਾ ਧਰਤੀ ਖਿੱਚੇ ਪਲ ਪਲ ਧਸਦਾ ਜਾਏ,
ਹਲਕਾ ਫੁੱਲ ਵਜੂਦ ਸਜਨ ਦਾ ਅੰਬਰ ਵੱਲ ਜਾਏ ਤਰਿਆ।

ਐਨਾ ਮੁਹ ਮਿਠੜੇ ਨਾਲ ਪੈ ਗਿਆ ਜਿਹਬਾਂ ਤੋਂ ਹੁਣ ਵਿੱਛੜੇ ਨਾ।
ਅੰਦਰ ਜਾਵਾਂ ਬਾਹਰ ਜਾਵਾਂ ਪਰਾਨਾ ਤੋਂ ਕਦੀ ਨਿੱਖੜੇ ਨਾ।
ਸਦਾ ਸਦਾ ਉਹਦੇ ਰੰਗੀਂ ਰਹਿ ਕੇ ਵਿਸਮਾਦ ਗੋਚਰੀ ਹੋਈ,
ਸਾਜਨ ਭਿਨੀ ਗੰਧ ਨਾ ਆਵੇ ਅਸੀਂ ਸਾਸ ਕੋਈ ਛਿੱਠੜੇ ਨਾ।

ਆਓ ਠਾਕਰ ਜੀ! ਹਿਰਦੇ ਵਿਹੜੇ ਆਸਣ ਅਸੀਂ ਵਿਛਾਇਆ।
ਹੋ ਜਾਈਏ ਅਸੀਂ ਅਰਸ਼ਾਂ ਦੇ ਹਾਣੀ ਲੰਘ ਜਾਏਂ ਬਣ ਸਾਇਆ।
ਪਲ ਇਸ ਜੀਵਨ ਪਲ ਉਸ ਜੀਵਨ ਸਭ ਤੇਰੇ ਲੜ ਲਾਏ,
ਨੀਝਾਂ ਲਾ ਲਾ ਤਕਦੇ ਰਹਿਣਾ ਹੀ ਹੁਣ ਸਭ ਸਰਮਾਇਆ।

ਗਾ ਵੇ ਵੀਰ ਮਮੋਲਿਆ! ਤੇਰੇ ਮੁਹ ਮੁਹ ਜਾਂਦੇ ਬੋਲ।
ਹੀਰੇ ਦੀਆਂ ਲੜੀਆਂ ਖੋਹਲ ਵੇ ਸਾਡੀ ਭਰ ਕੇ ਉੱਛਲੇ ਝੋਲ।

ਵਾਸਾ ਵੇ ਤੇਰਾ ਅੰਬਰੀਂ ਮੈਂ ਧਰਤ ਖੜੀ ਕੁਮਲਾ,
ਇਹੋ ਵਣਜ ਵਿਹਾਝਦੇ ਜਿਹਦੇ ਸਜਨ ਨਾ ਵਸਦੇ ਕੋਲ।

ਧੀਰੇ ਨੀ ਧੀਰੇ ਭੈਣ ਨੀ ਖ਼ੁਮਾਰੀਏ! ਧੀਰੇ ਨੀ ਪੰਖ ਹਲਾ।
ਧੀਰੇ ਨੀ ਧੀਰੇ ਆਪਾਂ ਪੋਚ ਪੋਚ ਰੱਖੀਏ ਸੱਜਣ ਮਿਲਣ ਦਾ ਚਾਅ।
ਛੱਡ ਦਿੱਤੀਆਂ ਜਿਨ੍ਹਾਂ ਡੋਰਾਂ ਨੀ ਲੰਮੀਆਂ ਹੱਥ ਵਿੱਚ ਰਹਿ ਗਏ ਦੁੱਖ,
ਸਾਰੀਆਂ ਨੀਂ ਸੱਧਰਾਂ ਰੁੜ੍ਹ ਪੁੜ੍ਹ ਜਾਣੀਆਂ ਬੜੇ ਤੇਜ਼ ਨੀ ਇਹ ਪਵਣ ਵਹਾ।

ਸੁਣ ਸਾਜਨ! ਇੱਕ ਬੋਲੇ ਟੋਟਰੂ ਐਨਾ ਨੇੜੇ ਮੇਰੇ।
ਖੁਹਲ ਕੇ ਬਹਿ ਗਿਆ ਸਾਰੀਆਂ ਤਾਲਾਂ ਸਭ ਸੰਦੇਸੇ ਤੇਰੇ।
ਕਦੀਂ ਕਦੀਂ ਇਹ ਲੰਮੜੀ ਲੈਅ ਵਿੱਚ ਐਨਾ ਡੂੰਘਾ ਵਹਿ ਜਾਏ,
ਐਂਜ ਲੱਗੇ ਮੇਰੀ ਬ੍ਰਿਹਾ ਕਹਾਣੀ ਪੁੱਜ ਗਈ ਤੇਰੇ ਡੇਰੇ।

ਸਿਹਤ ਤਾਪ ਸਭ ਦੂਖ ਤਿਆਗੇ ਜੋ ਉਸ ਦੇ ਮਨ ਚਾਹਿਆ।
ਜਰਾ ਮਰਾ ਸਭ ਉਸ ਦੀ ਲੀਲਾ ਕਾਲ ਮਹਿ ਜਨ ਫਾਹਿਆ।
ਬਿਨ ਹਰ ਨਾਮ ਨਾ ਕੋ ਹੋਤ ਸਹਾਈ, ਜੋ ਉਸ ਭਾਵੇ ਚੰਗਾ,
ਗੁਰ ਕਿਰਪਾ ਤੇ ਪਰਮ ਗੱਤ ਪਾਈ ਅੰਤ ਅਉਸਰ ਲਏ ਛੁਡਾਇਆ।

ਇੱਕ ਇਕੇਲੀ ਇਸ ਜੱਗ ਵਿੱਚ ਵਿਚਰਾਂ ਸਹਿਮ ਨਾ ਕੋਈ ਡਰਾਵੇ।
ਐਨਾ ਸੱਜਨ ਭਰੋਸਾ ਤੇਰਾ ਜਮ ਕਾਲ ਕਦੇ ਨੇੜ ਨਾ ਆਵੇ।
ਅੰਮ੍ਰਿਤ ਰਸ ਦੇ ਜੋ ਵਣਜਾਰੇ ਗਟ ਗਟ ਬਿੱਖ ਪੀ ਜਾਂਦੇ,
ਇਸ ਜਿੰਦੜੀ ਤੋਂ ਹੱਸ ਵਿੱਛੜਦੇ ਜੋ ਮਿੱਤਰਾਂ ਨੂੰ ਅੰਤ ਮਿਲਾਵੇ।

ਔਣਾ ਜਾਣਾ ਇਸ ਧਰਤੀ ਤੇ ਸਭ ਤੈਂ ਖੇਲ ਰਚਾਇਆ।
ਇਹ ਮਾਇਆ ਵਾਦੀ ਮੇਰੀ ਪਾਠ ਕਤੇਬਾ ਨਾ ਮਨ ਤਿਨ ਲਿਪਟਾਇਆ।
ਯਾਦ ਤੇਰੀ ਦਾ ਤੁਲਹਾ ਬਣਾ ਕੇ ਇਹ ਭਵ ਸਾਗਰ ਲੰਘ ਜਾਣਾ,
ਟੇਕ ਸੇਜ ਤੇਰੇ ਮਹਿਲ ਦੀ ਸਜਨਾ! ਰਹੇ ਸਦਾ ਸਲਾਮਤ ਸਾਇਆ।



Namdhari Elibrary NamdhariElibrary@gmail.com

# ਤਿੰਨ ਸੰਨਿਆਸੀ

*ਮੂਲ— ਲ-ਤਾਲਸਤਾਏ*
*ਪੰਜਾਬੀ— ਸੁਰਜੀਤ ਖੁਰਸ਼ੀਦੀ*

ਇਕ ਪਾਦਰੀ ਆਰਚੇਂਜਲ ਤੋਂ ਸੋਲੋਵੈਸਕ ਖਾਨਗਾਹ ਲਈ ਸਮੁੰਦਰੀ ਸਫਰ ਕਰ ਰਿਹਾ ਸੀ। ਉਸੇ ਜਹਾਜ਼ ਤੇ, ਬਹੁਤ ਸਾਰੇ ਦੂਸਰੇ ਯਾਤਰੀ ਵੀ ਉਥੇ ਤੀਰਥ ਯਾਤਰਾ ਕਰਨ ਲਈ, ਸਫਰ ਕਰ ਰਹੇ ਸਨ। ਸਫਰ ਵਾਹਵਾ ਹੋ ਰਿਹਾ ਸੀ। ਹਵਾ ਸਹਾਈ ਵੱਗ ਰਹੀ ਸੀ ਅਤੇ ਮੌਸਮ ਵਧੀਆ ਸੀ। ਯਾਤਰੀ ਜਹਾਜ਼ ਦੇ ਡੈਕ ਤੇ ਲੇਟੇ ਰਹਿੰਦੇ, ਖਾਂਦੇ ਪੀਂਦੇ ਰਹਿੰਦੇ ਜਾਂ ਟੋਲੀਆਂ ਵਿੱਚ ਬੈਠ ਕੇ ਗੱਪਾਂ ਮਾਰਦੇ ਰਹਿੰਦੇ। ਪਾਦਰੀ ਵੀ ਡੈਕ ਤੇ ਆਇਆ। ਚਹਿਲ ਕਦਮੀ ਕਰਨ ਦੇ ਦੌਰਾਨ ਉਸ ਨੇ ਦੇਖਿਆ ਕਿ ਕੁਝ ਬੰਦੇ ਇਕ ਪਾਸੇ ਖੜੋਤੇ ਇਕ ਮਛੇਰੇ ਦੀਆਂ ਗੱਲਾਂ ਸੁਣ ਰਹੇ ਹਨ, ਜੋ ਕਿ ਸਮੁੰਦਰ ਵੱਲ ਨੂੰ ਇਕ ਪਾਸੇ ਇਸ਼ਾਰਾ ਕਰਕੇ ਕੁਝ ਦਸ ਰਿਹਾ ਸੀ। ਪਾਦਰੀ ਰੁਕ ਗਿਆ ਅਤੇ ਉਸ ਨੇ ਜਿਧਰ ਮਛੇਰਾ ਇਸ਼ਾਰਾ ਕਰ ਰਿਹਾ ਸੀ ਉਸ ਪਾਸੇ ਵਲ ਨੂੰ ਦੇਖਿਆ। ਉਸ ਨੂੰ ਕੁਝ ਵੀ ਦਿਖਲਾਈ ਨਾ ਦਿੱਤਾ, ਹਾਂ ਸਮੁੰਦਰ ਜ਼ਰੂਰ ਧੁਪ ਕਰ ਕੇ ਚਮਕ ਰਿਹਾ ਸੀ। ਉਹ ਸੁਨਣ ਦੇ ਲਈ ਲਾਗੇ ਨੂੰ ਹੋਇਆ, ਪਰ ਜਦੋਂ ਉਸ ਬੰਦੇ ਨੇ ਉਸ ਨੂੰ ਦੇਖਿਆ ਤਾਂ ਆਦਰ ਸਨਮਾਨ ਵਜੋਂ ਆਪਣੀ ਟੋਪੀ ਉਤਾਰ ਕੇ ਉਹ ਚੁੱਪ ਹੋ ਗਿਆ। ਬਾਕੀ ਦੇ ਲੋਕਾਂ ਨੇ ਵੀ ਆਪਣੀਆਂ ਟੋਪੀਆਂ ਉਤਾਰ ਕੇ ਅਤੇ ਝੁੱਕ ਕੇ ਆਦਰ ਸਨਮਾਨ ਕੀਤਾ।

"ਮੈਂ ਤੁਹਾਡੀ ਗਲਬਾਤ ਵਿਚ ਕੋਈ ਵਿਘਨ ਪਾਣ ਲਈ ਨਹੀਂ ਆਇਆ ਹਾਂ," ਪਾਦਰੀ ਨੇ ਕਿਹਾ। "ਮੈਂ ਤਾਂ ਇਹ ਜਾਨਣ ਦੇ ਲਈ ਆਇਆ ਸੀ ਕਿ ਇਹ ਭਦਰ ਪੁਰਸ਼ ਕੀ ਕਹਿ ਰਿਹਾ ਹੈ ?"

"ਮਛੇਰਾ ਸਾਨੂੰ ਸਨਿਆਸੀਆਂ ਬਾਰੇ ਦਸ ਰਿਹਾ ਸੀ," ਇਕ ਵਿਉਪਾਰੀ ਨੇ ਕਿਹਾ, ਜਿਹੜਾ ਕਿ ਬਾਕੀਆਂ ਦੇ ਨਾਲੋਂ ਕੁਝ ਦਲੇਰ ਸੀ।

"ਕਿਹੜੇ ਸਨਿਆਸੀ," ਪਾਦਰੀ ਨੇ ਇਕ ਪਾਸੇ ਇਕ ਬਕਸੇ ਤੇ ਬੈਠਦਿਆਂ ਪੁਛਿਆ। ਮੈਨੂੰ ਵੀ ਉਹਨਾਂ ਦੇ ਬਾਰੇ ਦਸੋ ਮੈਨੂੰ ਚੰਗਾ ਲਗੇਗਾ। ਤੁਸੀਂ ਕਿਸ ਚੀਜ਼ ਵਲ ਇਸ਼ਾਰੇ ਕਰ ਰਹੇ ਸੀ ?"

ਉਹ ਨਿੱਕਾ ਟਾਪੂ ਜਿਹੜਾ ਉਧਰ ਦਿਖਾਈ ਦੇ ਰਿਹਾ ਹੈ, ਮਛੇਰੇ ਨੇ ਸਾਹਮਣੇ, ਸੱਜੇ ਪਾਸੇ ਨੂੰ ਇਸ਼ਾਰਾ ਕਰਦਿਆਂ ਹੋਇਆ ਕਿਹਾ, "ਉਹ ਹੈ ਟਾਪੂ ਜਿਥੇ ਕਿ ਸਨਿਆਸੀ ਆਪਣੀ ਮੁਕਤੀ ਦੇ ਲਈ ਰਹਿ ਰਹੇ ਹਨ।"

"ਕਿਥੇ ਹੈ ਟਾਪੂ ?" ਪਾਦਰੀ ਨੇ ਪੁਛਿਆ। "ਮੈਨੂੰ ਤਾਂ ਕੁਝ ਵੀ ਦਿਖਾਈ ਨਹੀਂ ਦੇ ਰਿਹਾ।"

"ਉਹ ਦੂਰ, ਮੇਰੇ ਹੱਥ ਵਲ ਦੇਖਣ ਦੀ ਕਿਰਪਾ ਕਰੋ। ਤੁਹਾਨੂੰ ਉਹ ਬਦਲੋਟੀ ਦਿਖਾਈ ਦੇ ਰਹੀ ਹੈ ? ਉਸਦੇ ਹੇਠਾਂ ਨੂੰ, ਜ਼ਰਾ ਕੁ ਖੱਬੇ ਪਾਸੇ ਨੂੰ ਮਧਮ ਜਹੀ ਲਕੀਰ ਹੈ, ਉਹੀ ਹੈ ਉਹ ਟਾਪੂ।"

ਪਾਦਰੀ ਨੇ ਗੌਹ ਨਾਲ ਦੇਖਿਆ, ਪਰ ਉਸ ਦੀਆਂ ਅੱਖਾਂ ਆਦੀ ਨਾ ਹੋਣ ਦੇ ਕਾਰਨ, ਉਸ ਨੂੰ ਕੁਝ ਵੀ ਦਿਖਾਈ ਨਾ ਦਿਤਾ ਸਵਾਏ ਧੁੱਪ ਵਿਚ ਚਮਕਦੇ ਪਾਣੀ ਦੇ।

"ਮੈਨੂੰ ਨਹੀਂ ਦਿਖ ਰਿਹਾ," ਉਸ ਨੇ ਕਿਹਾ, "ਪਰ ਉਥੇ ਰਹਿਣ ਵਾਲੇ ਸਨਿਆਸੀ ਕੌਣ ਹੋਏ?"

"ਉਹ ਪਵਿਤਰ ਮਨੁੱਖ ਹਨ," ਮਛੇਰੇ ਨੇ ਕਿਹਾ, "ਮੈਂ ਉਹਨਾਂ ਦੇ ਬਾਰੇ ਢੇਰ ਚਿਰਾਂ ਤੋਂ ਚਰਚਾ ਸੁਣਦਾ ਆ ਰਿਹਾ ਹਾਂ ਪਰ ਪਰਾਰ ਸਾਲ ਤੋਂ ਪਹਿਲਾਂ ਕਦੇ ਦਰਸ਼ਨ ਕਰਨ ਦਾ ਮੌਕਾ ਨਹੀਂ ਸੀ ਪਰਾਪਤ ਹੋਇਆ।"

ਅਤੇ ਮਛੇਰੇ ਨੇ ਦਸਿਆ ਕਿ ਕਿਵੇਂ ਇਕ ਵਾਰੀ ਉਹ ਮੱਛੀਆਂ ਫੜਨ ਲਈ ਨਿਕਲਿਆ ਅਤੇ ਇਕ ਰਾਤ ਉਸ ਟਾਪੂ ਤੇ ਜਾ ਫਸਿਆ, ਉਸ ਨੂੰ ਕੁਝ ਵੀ ਪਤਾ ਨਾ ਲਗਾ ਕਿ ਉਹ ਕਿਥੇ ਸੀ। ਸਵੇਰੇ, ਜਦੋਂ ਉਸ ਨੇ ਟਾਪੂ ਵਿਚ ਚੱਕਰ ਕਟਿਆ ਤਾਂ ਉਸਨੂੰ ਇਕ ਕੱਚੀ ਕੁਟੀਆ ਮਿਲੀ ਜਿਸ ਦੇ ਲਾਗੇ ਇਕ ਬਜ਼ੁਰਗ ਖਲੋਤਾ ਹੋਇਆ ਸੀ। ਉਸ ਸਮੇਂ ਦੋ ਜਣੇ ਹੋਰ ਬਾਹਰ ਆ ਗਏ ਜਿਨ੍ਹਾਂ ਨੇ ਉਸ ਨੂੰ ਭੋਜਨ ਖਿਲਾਇਆ ਤੇ ਉਸਦਾ ਸਾਮਾਨ ਸੁਕਾਇਆ ਅਤੇ ਕਿਸ਼ਤੀ ਦੀ ਮੁਰੰਮਤ ਕਰਨ ਵਿਚ ਸਹਾਇਤਾ ਕੀਤੀ ਸੀ।

"ਅਤੇ ਉਹ ਕਿਹੋ ਜਿਹੇ ਹਨ ?" ਪਾਦਰੀ ਨੇ ਪੁਛਿਆ।

ਇਕ ਮਧਰਾ ਹੈ ਅਤੇ ਕਮਰ ਝੁਕੀ ਹੋਈ ਹੈ। ਉਸ ਨੇ ਚੋਗਾ ਪਹਿਨਿਆ ਹੋਇਆ ਹੈ ਅਤੇ ਬਹੁਤ ਬਿਰਧ ਹੈ, ਮੈਂ ਤਾਂ ਕਹਾਂਗਾ ਕਿ ਉਹ ਸੌ ਤੋਂ ਉਪਰ ਦਾ ਹੀ ਹੋਵੇਗਾ। ਉਹ ਇਛਾ


Namdhari Elibrary NamdhariElibrary@gmail.com

ਬਿਰਧ ਹੈ ਕਿ ਉਸ ਦੀ ਦਾੜ੍ਹੀ ਦੀ ਸਫੇਦੀ ਹੁਣ ਹਰੀ ਭਾਅ ਮਾਰ ਰਹੀ ਹੈ, ਪਰ ਉਹ ਹਰ ਸਮੇਂ ਮੁਸਕਰਾਂਦਾ ਰਹਿੰਦਾ ਹੈ, ਅਤੇ ਉਸ ਦੇ ਚੇਹਰੇ ਤੇ ਅਰਸ਼ੀ ਫਰਿਸ਼ਤਿਆਂ ਵਰਗਾ ਨੂਰ ਹੈ। ਦੂਜਾ ਲੰਬਾ ਹੈ, ਪਰ ਹੈ ਉਹ ਵੀ ਬਹੁਤ ਬਿਰਧ। ਉਸ ਨੇ ਇਕ ਖਸਤਾ ਕਿਸਾਨਾਂ ਵਾਲਾ ਕੁਰਤਾ ਪਹਿਨਿਆ ਹੋਇਆ ਹੈ। ਉਸਦਾ ਦਾੜ੍ਹਾ ਚੌੜਾ ਹੈ, ਅਤੇ ਪੀਲਾ ਭੂਰਾ ਜਿਹਾ ਰੰਗ ਹੈ। ਉਹ ਇਕ ਤਾਕਤਵਰ ਬੰਦਾ ਹੈ। ਮੇਰੀ ਸਹਾਇਤਾ ਤੋਂ ਬਿਨਾ ਹੀ ਉਸ ਨੇ ਕਿਸ਼ਤੀ ਨੂੰ ਉਲਟਾ ਦਿੱਤਾ ਜਿਵੇਂ ਉਹ ਬਸ ਇਕ ਬਾਲਟੀ ਹੀ ਹੋਵੇ। ਉਹ ਵੀ ਮੇਹਰਬਾਨ ਅਤੇ ਖੁਸ਼ਤਬੀਅਤ ਹੈ। ਤੀਜਾ ਲੰਬਾ ਹੈ ਅਤੇ ਉਸ ਦਾ ਦਾੜ੍ਹਾ ਬਰਫ਼ ਵਾਂਗ ਸਫੇਦ ਤੇ ਉਸ ਦੇ ਗੋਡਿਆਂ ਤੀਕ ਲੰਬਾ ਹੈ। ਉਹ ਕੁਝ ਖਰ੍ਹਵਾ ਹੈ ਅਤੇ ਉਸ ਦੇ ਭਰਵੱਟੇ ਉਸਦੀਆਂ ਅਖਾਂ ਤੇ ਛਾਂ ਕਰ ਰਹੇ ਹਨ, ਉਹ ਕੋਈ ਵੀ ਵਸਤਰ ਨਹੀਂ ਪਹਿਨਦਾ ਸਵਾਏ ਇਕ ਟਾਟ ਦੇ ਜੋ ਕਿ ਉਸ ਦੇ ਲੱਕ ਨੂੰ ਬੱਧਾ ਹੁੰਦਾ ਹੈ।

"ਕੀ ਉਹਨਾਂ ਨੇ ਤੇਰੇ ਨਾਲ ਗੱਲਬਾਤ ਕੀਤੀ ?" ਪਾਦਰੀ ਨੇ ਪੁੱਛਿਆ "ਅਧਿਕ ਸਮੇਂ ਲਈ ਉਹਨਾਂ ਨੇ ਸਭ ਕੁਝ ਮੋਨ ਰਹਿ ਕੇ ਹੀ ਕੀਤਾ ਸੀ, ਅਤੇ ਆਪੋ ਵਿੱਚ ਵੀ ਘੱਟ ਹੀ ਬੋਲੇ ਸਨ। ਉਹਨਾਂ ਵਿਚੋਂ ਕੋਈ ਜਣਾ ਬਸ ਝਾਕਦਾ ਹੀ ਸੀ ਕਿ ਦੂਜੇ ਉਸਦਾ ਭਾਵ ਸਮਝ ਲੈਂਦੇ ਸਨ। ਮੈਂ ਸਭ ਨਾਲੋਂ ਲੰਬੇ ਤੋਂ ਪੁਛਿਆ ਸੀ ਕਿ ਕੀ ਉਹ ਦੇਰ ਤੋਂ ਉਥੇ ਰਹਿ ਰਹੇ ਹਨ। ਉਹ ਖਿੱਝ ਗਿਆ ਅਤੇ ਕੁਝ ਇਸ ਤਰ੍ਹਾਂ ਬੋਲਿਆ ਜਿਵੇਂ ਨਾਰਾਜ਼ ਹੋ ਗਿਆ ਹੋਵੇ, ਪਰ ਸਭ, ਤੋਂ ਵੱਡੀ ਉਮਰ ਵਾਲੇ ਨੇ ਉਸਦਾ ਹੱਥ ਫੜਿਆ ਅਤੇ ਮੁਸਕਰਾਇਆ। ਤਦ ਲੰਬਾ ਖ਼ਾਮੋਸ਼ ਹੋ ਗਿਆ। ਸਭ ਤੋਂ ਵੱਡੀ ਉਮਰ ਵਾਲੇ ਨੇ ਬਸ ਇਹੋ ਕਿਹਾ, "ਸਾਡੇ ਤੇ ਕਿਰਪਾ ਕਰੋ" ਅਤੇ ਮੁਸਕਰਾ ਪਿਆ।

ਮਛੇਰੇ ਦੇ ਗੱਲਾਂ ਕਰਦਿਆਂ ਕਰਦਿਆਂ ਜਹਾਜ਼ ਟਾਪੂ ਦੇ ਲਾਗੇ ਜਾ ਪੁੱਜਾ।

"ਉਹ ਹੁਣ ਤਸੀਂ ਸਾਫ਼ ਦੇਖ ਸਕਦੇ ਹੋ, ਜੇਕਰ ਮਹਾਰਾਜ ਦੇਖਣਾ ਚਾਹੁਣ, " ਵਿਉਪਾਰੀ ਨੇ ਕਿਹਾ ਅਤੇ ਟਾਪੂ ਵੱਲ ਨੂੰ ਹੱਥ ਦਾ ਇਸ਼ਾਰਾ ਕੀਤਾ।

ਪਾਦਰੀ ਨੇ ਦੇਖਿਆ ਅਤੇ ਹੁਣ ਉਸਨੂੰ ਸਚੀਂ ਹੀ ਇਕ ਕਾਲਾ ਭੋਲਾ ਜਿਹਾ ਦਿਖਾਈ ਦਿਤਾ— ਜੋ ਕਿ ਟਾਪੂ ਸੀ। ਕੁਝ ਪਲਾਂ ਲਈ ਉਸਨੂੰ ਦੇਖਦੇ ਉਹ ਜਹਾਜ਼ ਦੇ ਪਿਛਵਾੜੇ ਜਹਾਜ਼ ਦੇ ਮਾਂਝੀ ਦੇ ਪਾਸ ਗਿਆ ਅਤੇ ਪੁਛਿਆ:-

"ਉਹ ਕਿਹੜਾ ਟਾਪੂ ਹੈ ?"

"ਉਸਦਾ ਕੋਈ ਨਾਂ ਨਹੀਂ ਹੈ," ਮਾਂਝੀ ਨੇ ਉਤਰ ਦਿਤਾ। "ਇਹੋ ਜਹੇ ਸਮੁੰਦਰ ਵਿਚ ਬਹੁਤ ਸਾਰੇ ਹਨ।"

"ਕੀ ਇਹ ਸੱਚ ਹੈ ਕਿ ਉਥੇ ਸਨਿਆਸੀ ਹਨ ਜੋ ਕਿ ਆਪਣੀ ਆਤਮਾ ਦੀ ਮੁਕਤੀ ਦੇ ਲਈ ਉਥੇ ਰਹਿ ਰਹੇ ਹਨ?"

"ਇਹੋ ਕਿਹਾ ਜਾਂਦਾ ਹੈ ਮਹਾਰਾਜ, ਪਰ ਮੈਨੂੰ ਇਹ ਨਹੀਂ ਪਤਾ ਕਿ ਇਹ ਗੱਲ ਸੱਚ ਵੀ ਹੈ ਕਿ ਨਹੀਂ।" ਮਛੇਰੇ ਕਹਿੰਦੇ ਹਨ ਕਿ ਉਹਨਾਂ ਨੇ ਉਹ ਦੇਖੇ ਹਨ, ਪਰ ਇਹ ਵੀ ਹੋ ਸਕਦਾ ਹੈ ਕਿ ਉਂਝ ਹੀ ਗੱਲ ਬਣਾਈ ਹੋਵੇ।"

"ਮੈਂ ਉਸ ਟਾਪੂ ਤੇ ਉਤਰ ਕੇ ਉਹਨਾਂ ਬੰਦਿਆਂ ਨੂੰ ਦੇਖਣਾ ਚਾਂਹਦਾ ਹਾਂ,"

"ਜਹਾਜ਼ ਟਾਪੂ ਦੇ ਲਾਗੇ ਨਹੀਂ ਲੱਗ ਸਕੇਗਾ," ਮਾਂਝੀ ਨੇ ਕਿਹਾ, "ਪਰ ਤੁਸੀਂ ਇਕ ਕਿਸ਼ਤੀ ਵਿਚ ਬੈਠ ਕੇ ਉਥੇ ਪੁੱਜ ਸਕਦੇ ਹੋ। ਚੰਗਾ ਹੋਵੇ ਜੇਕਰ ਤੁਸੀਂ ਕਪਤਾਨ ਦੇ ਨਾਲ ਗੱਲ ਕਰੋ।"

ਸੱਦੇ ਜਾਣ ਤੇ ਕਪਤਾਨ ਆ ਗਿਆ।

"ਮੈਂ ਇਹਨਾਂ ਸਨਿਆਸੀਆਂ ਨੂੰ ਮਿਲਨਾ ਚਾਂਹਦਾ ਹਾਂ," ਪਾਦਰੀ ਨੇ ਕਿਹਾ, "ਕੀ ਮੈਨੂੰ ਕਿਸ਼ਤੀ ਦੁਆਰਾ ਉਥੇ ਪੁਜਦਾ ਕੀਤਾ ਜਾ ਸਕਦਾ ਹੈ ?"

ਕਪਤਾਨ ਨੇ ਉਸਨੂੰ ਟਾਲਣ ਦੀ ਕੋਸ਼ਿਸ਼ ਕੀਤੀ।

"ਬੇਸ਼ਕ ਇੰਝ ਕੀਤਾ ਜਾ ਸਕਦਾ ਹੈ ਪਰ ਆਪਣਾ ਬਹੁਤ ਸਾਰਾ ਸਮਾਂ ਅਕਾਰਥ ਜਾਵੇਗਾ।" ਉਸਨੇ ਕਿਹਾ। ਅਤੇ ਜੇਕਰ ਮੇਰੀ ਮੰਨੋ ਤਾਂ ਉਹ ਬੁੱਢੇ ਇਸ ਲਾਇਕ ਹਨ ਹੀ ਨਹੀਂ ਕਿ ਮਹਾਰਾਜ ਉਹਨਾ ਲਈ ਕੋਈ ਕਸ਼ਟ ਉਠਾਣ। ਮੈਂ ਸੁਣਿਆ ਹੋਇਆ ਹੈ ਕਿ ਉਹ ਮੂਰਖ ਬੁੱਢੇ ਹਨ, ਕੁਝ ਸਮਝ ਨਹੀਂ ਸਕਦੇ, ਅਤੇ ਮੋਨ ਧਾਰੀ ਰੱਖਦੇ ਹਨ।"

"ਮੈਂ ਉਹਨਾਂ ਨੂੰ ਮਿਲਨਾ ਚਾਂਹਦਾ ਹਾਂ," ਪਾਦਰੀ ਨੇ ਕਿਹਾ , "ਅਤੇ ਮੈਂ ਇਸ ਖੇਚਲ ਤੇ ਸਮੇਂ ਦੇ ਲਈ ਤੁਹਾਨੂੰ ਕੀਮਤ ਦਿਆਂਗ। ਕਿਰਪਾ ਕਰਕੇ ਇਕ ਕਿਸ਼ਤੀ ਦਾ ਪਰਬੰਧ ਕਰ ਦੇਵੋ।"

ਹੁਣ ਹੋਰ ਕੋਈ ਚਾਰਾ ਨਹੀਂ ਸੀ, ਇਸ ਲਈ ਹੁਕਮ ਜਾਰੀ ਕੀਤਾ ਗਿਆ। ਜਹਾਜ਼ੀਆਂ ਨੇ ਬਾਦਵਾਨ ਲੋਟ ਕਰ ਲਏ, ਪਤਵਾਰ ਸੇਧਿਆ ਗਿਆ ਅਤੇ ਜਹਾਜ਼ ਟਾਪੂ ਵੱਲ ਨੂੰ ਮੋੜ ਲਿਆ ਗਿਆ। ਜਹਾਜ਼ ਦੇ ਡੈਕ ਤੇ ਪਾਦਰੀ ਦੇ ਲਈ ਇਕ ਕੁਰਸੀ ਰੱਖ ਦਿੱਤੀ ਗਈ ਜਿਥੇ ਬੈਠ ਕੇ ਉਹ ਅਗੇ ਵੱਲ ਦੇਖਦਾ ਰਿਹਾ। ਸਾਰੇ ਮੁਸਾਫਰ ਡੈਕ ਤੇ ਆ ਜੁੜੇ ਅਤੇ ਟਾਪੂ ਵੱਲ ਨੂੰ ਨੀਝ ਲਾ ਕੇ ਦੇਖਣ ਲੱਗੇ। ਜਿਨ੍ਹਾਂ ਦੀਆਂ ਨਜ਼ਰਾਂ ਤੇਜ਼ ਸਨ ਉਹਨਾਂ ਨੂੰ ਟਾਪੂ ਤੇ ਚੱਟਾਨ ਦਿਖਾਈ ਦੇਣ ਲਗੇ ਅਤੇ ਫੇਰ ਇਕ ਬੰਦੇ ਨੂੰ ਖੁਦ ਉਹ ਸਨਿਆਸੀ ਨਜ਼ਰ ਪੈ ਗਏ। ਕਪਤਾਨ ਇਕ ਦੂਰਬੀਨ ਲੈ ਆਇਆ ਅਤੇ ਉਸ ਦੁਆਰਾ



Namdhari Elibrary NamdhariElibrary@gmail.com

ਦੇਖ ਕੇ ਉਹ ਪਾਦਰੀ ਨੂੰ ਫੜਾ ਦਿੱਤੀ।

"ਆਹੋ, ਠੀਕ ਹੈ। ਤਿੰਨ ਬੰਦੇ ਕੰਢੇ ਤੇ ਖਲੋਤੇ ਹੋਏ ਹਨ। ਉਹ, ਉਸ ਵੱਡੇ ਚਟਾਨ ਦੇ ਜ਼ਰਾ ਕੁ ਸੱਜੇ ਪਾਸੇ ਨੂੰ ਕਰਕੇ।"

ਪਾਦਰੀ ਨੇ ਦੂਰਬੀਨ ਫੜੀ, ਉਸਨੂੰ ਸਹੀ ਕੀਤਾ ਅਤੇ ਉਸਨੇ ਤਿੰਨ ਬੰਦੇ ਦੇਖੇ– ਇਕ ਲੰਬਾ, ਇਕ ਦਰਮਿਆਨੇ ਕੱਦ ਵਾਲਾ ਅਤੇ ਮਧਰਾ ਅਤੇ ਝੁਕੇ ਸਰੀਰ ਵਾਲਾ– ਉਹ ਕੰਢੇ ਤੇ ਖੜੋਤੇ ਸਨ ਅਤੇ ਉਹਨਾਂ ਨੇ ਇਕ ਦੂਜੇ ਦੇ ਹੱਥ ਫੜੇ ਹੋਏ ਸਨ।

ਕਪਤਾਨ ਨੇ ਪਾਦਰੀ ਨੂੰ ਕਿਹਾ–

"ਮਹਾਰਾਜ ਇਸ ਨਾਲੋਂ ਹੋਰ ਵਧ ਨੇੜੇ ਜਹਾਜ਼ ਨਹੀਂ ਜਾ ਸਕਦਾ। ਜੇਕਰ ਤੁਸੀਂ ਟਾਪੂ ਤੇ ਜਾਣਾ ਹੀ ਹੈ ਤਾਂ ਕਿਸ਼ਤੀ ਦੁਆਰਾ ਜਾਣਾ ਹੋਵੇਗਾ। ਅਸੀਂ ਐਥੇ ਹੀ ਜਹਾਜ਼ ਦਾ ਲੰਗਰ ਸੁੱਟ ਲੈਂਦੇ ਹਾਂ।"

ਛੇਤੀ-ਛੇਤੀ ਤਾਰ ਨੂੰ ਛੱਡਿਆ ਗਿਆ, ਲੰਗਰ ਸੁੱਟ ਲਿਆ ਗਿਆ ਅਤੇ ਬਾਦਬਾਨ ਲਪੇਟ ਦਿਤੇ ਗਏ। ਇਕ ਝਟਕਾ ਲੱਗਾ, ਜਹਾਜ਼ ਥਰਥਰਾਇਆ। ਫੇਰ ਇਕ ਕਿਸ਼ਤੀ ਥੱਲੇ ਲਾਹੀ ਗਈ, ਪਤਵਾਰਾਂ ਵਾਲੇ ਬੰਦੇ ਉਸ ਵਿਚ ਕੁੱਦ ਪਏ, ਪਾਦਰੀ ਸੀੜ੍ਹੀ ਦੁਆਰਾ ਹੇਠਾਂ ਉਤਰਿਆ ਅਤੇ ਆਪਣੀ ਥਾਂ ਤੇ ਬੈਠ ਗਿਆ। ਬੰਦਿਆਂ ਨੇ ਆਪੋ ਆਪਣੇ ਪਤਵਾਰ ਵਰਤਣੇ ਸ਼ੁਰੂ ਕਰ ਦਿਤੇ ਅਤੇ ਕਿਸ਼ਤੀ ਤੇਜ਼ੀ ਨਾਲ ਟਾਪੂ ਵੱਲ ਵਧਣ ਲੱਗੀ। ਜਦੋਂ ਉਹ ਲਾਗੇ ਪੁਜੇ ਤਾਂ ਉਹਨਾਂ ਨੂੰ ਤਿੰਨ ਬੁਢੇ ਬੰਦੇ ਦਿਖਾਈ ਦਿੱਤੇ। ਇਕ ਦੇ ਲਕ ਦੁਆਲੇ ਬਸ ਇਕ ਟਾਟ ਹੀ ਬਧੀ ਹੋਈ ਸੀ, ਇਕ ਮਧਰੇ ਦੀ ਕਮਰ ਝੁੱਕੀ ਹੋਈ ਸੀ ਤੇ ਕਾਸਕਾਂ ਦੇ ਪਹਿਰਾਵੇ ਵਿਚ ਸੀ। ਤਿੰਨੇ ਇਕ ਦੂਜੇ ਦਾ ਹੱਥ ਫੜ ਕੇ ਖੜੋਤੇ ਹੋਏ ਸਨ।

ਮਾਂਝੀ ਕਿਸ਼ਤੀ ਨੂੰ ਕੰਢੇ ਤੇ ਲੈ ਗਏ ਅਤੇ ਕਿਸ਼ਤੀ ਦੀ ਕੁੰਡੀ ਫੜਕੇ ਪਾਦਰੀ ਨੂੰ ਹੇਠਾਂ ਉਤਰਨ ਵਿਚ ਸਹਾਈ ਹੋਏ।

ਬਜ਼ੁਰਗਾਂ ਨੇ ਝੁੱਕ ਕੇ ਉਸਦਾ ਸਤਿਕਾਰ ਕੀਤਾ ਅਤੇ ਉਸ ਨੇ ਉਹਨਾਂ ਨੂੰ ਅਸ਼ੀਰਵਾਦ ਦਿਤੀ, ਜਿਸ ਤੇ, ਸਤਿਕਾਰ ਵਜੋਂ ਉਹ ਹੋਰ ਵੀ ਵਧ ਝੁਕੇ। ਫੇਰ ਪਾਦਰੀ ਨੇ ਉਹਨਾਂ ਦੇ ਨਾਲ ਬਾਤਜੀਤ ਸ਼ੁਰੂ ਕੀਤੀ।

"ਮੈਂ ਸੁਣਿਆ ਹੈ ਕਿ ਤੁਸੀਂ ਭਗਤ ਜਨ ਏਥੇ ਆਪਣੀਆਂ ਆਤਮਾਵਾਂ ਦੀ ਮੁਕਤੀ ਦੇ ਲਈ ਰਹਿ ਰਹੇ ਹੋ ਅਤੇ ਮਨੁੱਖ ਜਾਤੀ ਦੇ ਭਲੇ ਲਈ ਈਸਾ ਮਸੀਹ ਦੇ ਹਜ਼ੂਰ ਪ੍ਰਾਰਥਨਾਵਾਂ ਕਰਦੇ ਹੋ," ਉਸ ਨੇ ਕਿਹਾ। "ਮੈਂ ਈਸਾ ਜੀ ਦਾ ਇਕ ਨਿਮਾਣਾ ਜਿਹਾ ਸੇਵਕ ਹਾਂ, ਅਤੇ ਰੱਬ ਦੀ ਕਿਰਪਾ ਨਾਲ ਮੈਨੂੰ ਲੋਕਾਂ ਨੂੰ ਸਿਧੇ ਰਾਹ ਬਾਰੇ ਦਸਣ ਲਈ ਕਿਹਾ ਗਿਆ ਹੈ। ਮੈਂ ਤੁਹਾਡੇ ਦਰਸ਼ਨ ਕਰਨੇ ਲੋਚਦਾ ਸੀ, ਰੱਬ ਦੇ ਪਿਆਰਿਓ, ਅਤੇ ਯਥਾ-ਸ਼ਕਤੀ ਤੁਹਾਨੂੰ ਵੀ ਕੁਝ ਸਿਖਿਆ ਦੇਣੀ ਚਾਂਹਦਾ ਸੀ।"

ਬਜ਼ੁਰਗਾਂ ਨੇ ਮੁਸਕਰਾ ਕੇ ਇਕ ਦੂਸਰੇ ਵਲ ਦੇਖਿਆ, ਪਰ ਮੋਨ ਧਾਰੀ ਰੱਖਿਆ।

"ਮੈਨੂੰ ਦਸੋ, "ਪਾਦਰੀ ਨੇ ਕਿਹਾ, ਤੁਸੀਂ ਆਪਣੀਆਂ ਆਤਮਾਵਾਂ ਦੇ ਲਈ ਕੀ ਕੁਝ ਕਰਦੇ ਹੋ, ਅਤੇ ਇਸ ਟਾਪੂ ਤੇ ਤੁਸੀਂ ਰੱਬ ਦੀ ਸੇਵਾ ਕਿਸ ਪਰਕਾਰ ਕਰਦੇ ਹੋ ?"

ਦੂਸਰੇ ਸਨਿਆਸੀ ਨੇ ਹੋਕਾ ਭਰਿਆ ਅਤੇ ਸਭ ਨਾਲੋਂ ਵਡੇਰੇ, ਬਹੁਤ ਹੀ ਪੁਰਾਤਨ ਜਹੇ, ਵੱਲ ਨੂੰ ਦੇਖਿਆ। ਉਹ ਮੁਸਕਰਾਇਆ ਅਤੇ ਕਿਹਾ– "ਅਸੀਂ ਨਹੀਂ ਜਾਣਦੇ ਕਿ ਰੱਬ ਦੀ ਸੇਵਾ ਕਿੰਝ ਕੀਤੀ ਜਾਵੇ, ਅਸੀਂ ਤਾਂ ਕੇਵਲ ਆਪਣੀ, ਰੱਬ ਦੇ ਸੇਵਕਾਂ ਦੀ, ਸੇਵਾ ਸੰਭਾਲ ਕਰਦੇ ਹਾਂ।"

"ਪਰ ਤੁਸੀਂ ਰੱਬ ਅਗੇ ਪ੍ਰਾਰਥਨਾ ਕਿਵੇਂ ਕਰਦੇ ਹੋ ।"

"ਅਸੀਂ ਇੰਝ ਪ੍ਰਾਰਥਨਾ ਕਰਦੇ ਹਾਂ," ਸਨਿਆਸੀ ਨੇ ਉਤਰ ਦਿੱਤਾ– ਤੁਸੀਂ ਤਿੰਨ ਹੋ ਅਸੀਂ ਤਿੰਨ ਹਾਂ, ਸਾਡੇ ਤੇ ਮਿਹਰ ਕਰੋ।" ਅਤੇ ਜਦੋਂ ਬੁੱਢੇ ਨੇ ਇੰਝ ਕਿਹਾ, ਤਿੰਨਾਂ ਨੇ ਅੱਖਾਂ ਉੱਪਰ ਅਕਾਸ਼ ਵੱਲ ਨੂੰ ਚੁੱਕ ਲਈਆਂ ਅਤੇ ਦੁਹਰਾਇਆ– "ਤੁਸੀਂ ਤਿੰਨ ਹੋ, ਤਿੰਨ ਅਸੀਂ ਹਾਂ, ਸਾਡੇ ਤੇ ਦਇਆ ਕਰੋ, ਮਿਹਰ ਕਰੋ। ਪਾਦਰੀ ਮੁਸਕਰਾ ਪਿਆ।

"ਤੁਸੀਂ ਅਵੱਸ਼ ਹੀ ਪਵਿੱਤਰ ਤਿੰਨ ਆਤਮਾਵਾਂ ਬਾਰੇ ਸੁਣ ਰੱਖਿਆ ਹੈ" ਉਸ ਨੇ ਕਿਹਾ–"ਪਰ ਤੁਸੀਂ ਸਹੀ ਢੰਗ ਨਾਲ ਪ੍ਰਾਰਥਨਾ ਨਹੀਂ ਕਰਦੇ ਹੋ। ਰੱਬ ਦੇ ਭਗਤੋ, ਤੁਸੀਂ ਮੇਰਾ ਪਿਆਰ ਪਾ ਲਿਆ ਹੈ। ਮੈਂ ਦੇਖਦਾ ਹਾਂ ਕਿ ਤੁਸੀਂ ਰੱਬ ਨੂੰ ਖ਼ੁਸ਼ ਕਰਨਾ ਲੋਚਦੇ ਹੋ ਪਰ ਨਹੀਂ ਜਾਣਦੇ ਕਿ ਉਸ ਦੀ ਸੇਵਾ ਕਿੰਝ ਕੀਤੀ ਜਾਵੇ। ਪ੍ਰਾਰਥਨਾ ਕਰਨ ਦੀ ਵਿਧੀ ਇਹ ਨਹੀਂ ਹੈ। ਮੇਰੀ ਸੁਣੋ ਮੈਂ ਤੁਹਾਨੂੰ ਸਿਖਾਵਾਂਗਾ ਮੈਂ ਤੁਹਾਨੂੰ ਕੋਈ ਆਪਣੇ ਵਲੋਂ ਵਿਧੀ ਨਹੀਂ ਸਿਖਾਵਾਂ ਗਾ ਸਗੋਂ ਉਹ ਵਿਧੀ ਸਿਖਾਵਾਂਗਾ ਜਿਹੜੀ ਕਿ ਖੁਦ ਪਰਮਾਤਮਾ ਨੇ ਪਵਿੱਤਰ ਸ਼ਾਸਤਰਾਂ ਵਿਚ ਸਾਰੇ ਬੰਦਿਆਂ ਵਲੋਂ ਇਕਸਾਰ ਪ੍ਰਾਰਥਨਾ ਕਰਨ ਦੇ ਲਈ ਅੰਕਤ ਕੀਤੀ ਹੋਈ ਹੈ।"

ਅੰਤ ਪਾਦਰੀ ਨੇ ਸਨਿਆਸੀਆਂ ਨੂੰ ਸਮਝਾਣਾ ਆਰੰਭਿਆ ਕਿ ਕਿੰਝ ਰੱਬ ਨੇ ਆਪਣੇ ਆਪ ਨੂੰ ਬੰਦਿਆਂ ਤੇ ਪ੍ਰਗਟ ਕੀਤਾ, ਉਹਨਾਂ ਨੂੰ ਪਰਮਾਤਮਾ ਪਿਤਾ, ਪਰਮਾਤਮਾ ਪੁੱਤਰ ਅਤੇ ਪਵਿੱਤਰ ਦੇਵ ਆਤਮਾ ਬਾਰੇ ਦਸਿਆ।

"ਪਰਮਾਤਮਾ ਪੁੱਤਰ ਧਰਤੀ ਤੇ ਉਤਰਿਆ, " ਉਸ ਨੇ ਕਿਹਾ ਬੰਦਿਆਂ ਦੀ ਰੱਖਿਆ ਦੇ ਲਈ, ਅਤੇ ਉਸ ਨੇ ਇਸ ਪ੍ਰਕਾਰ, ਸਾਨੂੰ ਸਾਰਿਆਂ ਨੂੰ, ਬੰਦਗੀ ਗੁਜ਼ਾਰਨੀ ਸਿਖਲਾਈ।



Namdhari Elibrary NamdhariElibrary@gmail.com

ਮੈਂ ਜੋ ਕੁਝ ਉਚਾਰਾਂ ਉਸ ਨੂੰ ਧਿਆਨ ਨਾਲ ਸੁਣ ਕੇ ਮੇਰੇ ਪਿਛੇ ਕਹੋ– "ਸਾਡਾ ਪਿਤਾ.........."

ਅਤੇ ਪਹਿਲੇ ਬਜ਼ੁਰਗ ਨੇ ਦੁਹਰਾਇਆ "ਸਾਡਾ ਪਿਤਾ", ਅਤੇ ਦੂਸਰੇ ਨੇ ਕਿਹਾ, "ਸਾਡਾ ਪਿਤਾ", ਅਤੇ ਤੀਜੇ ਨੇ ਕਿਹਾ, "ਸ਼ਾਡਾ ਪਿਤਾ"

"ਜੋ ਕਿ ਅਸਮਾਨ ਤੇ ਹੈ," ਪਾਦਰੀ ਨੇ ਜਾਰੀ ਰਹਿੰਦਿਆਂ ਕਿਹਾ। ਪਹਿਲੇ ਸਨਿਆਸੀ ਨੇ ਦੁਹਰਾਇਆ, "ਜੋ ਕਿ ਅਸਮਾਨ ਤੇ ਹੈ," ਪਰ ਦੂਜਾ ਸ਼ਬਦਾਂ ਨੂੰ ਗਲਤ-ਮਲਤ ਕਰ ਗਿਆ ਅਤੇ ਲੰਬਾ ਸਨਿਆਸੀ ਉਹਨਾਂ ਨੂੰ ਚੰਗੀ ਤਰ੍ਹਾਂ ਨਾ ਕਹਿ ਸਕਿਆ। ਉਸ ਦੇ ਮੂੰਹ ਤੇ ਘਨੇ ਵਾਲ ਉਗੇ ਹੋਏ ਸਨ ਅਤੇ ਉਹ ਠੀਕ ਤੌਰ ਤੇ ਬੋਲ ਨਹੀਂ ਸੀ ਸਕਦਾ। ਬਹੁਤਾ ਹੀ ਬਿਰਧ ਸਨਿਆਸੀ, ਜਿਸ ਦੇ ਕੋਈ ਦੰਦ ਨਹੀਂ ਸੀ, ਕੁਝ ਭੁਸ ਕਰਕੇ ਰਹਿ ਗਿਆ।

ਪਾਦਰੀ ਨੇ ਆਪਣੇ ਸ਼ਬਦਾਂ ਨੂੰ ਮੁੜ ਦੁਹਰਾਇਆ, ਅਤੇ ਬਜ਼ੁਰਗਾਂ ਨੇ ਉਸ ਦੇ ਪਿੱਛੇ ਪਿੱਛੇ ਦੁਹਰਾਇਆ। ਪਾਦਰੀ ਇਕ ਪੱਥਰ ਤੇ ਬੈਠ ਗਿਆ ਅਤੇ ਉਹ ਬੁੱਢੇ ਉਸ ਦੇ ਸਾਹਮਣੇ ਖੜ ਗਏ; ਉਸ ਵਲੋਂ ਉਚਰੇ ਸ਼ਬਦਾਂ ਨੂੰ ਦੁਹਰਾਂਦੇ ਰਹੇ। ਪਾਦਰੀ ਨੇ ਸਾਰਾ ਦਿਨ ਮਿਹਨਤ ਕੀਤੀ, ਇਕ ਇਕ ਸ਼ਬਦ ਨੂੰ ਵੀਹ, ਤੀਹ ਅਤੇ ਸੌ ਵਾਰ ਦੁਹਰਾਇਆ, ਅਤੇ ਬਜ਼ੁਰਗ ਉਸਦੇ ਪਿਛੇ-ਪਿਛੇ ਦੁਹਰਾਂਦੇ ਰਹੇ। ਉਹ ਭੁਲ ਜਾਂਦੇ, ਇਹ ਸੋਧ ਕਰਦਾ ਅਤੇ ਉਹਨਾਂ ਨੂੰ ਮੁੜ ਸਿਖਾਂਦਾ ਰਿਹਾ।

ਪਾਦਰੀ ਉਦੋਂ ਤੀਕ ਉਥੋਂ ਨਹੀਂ ਗਿਆ ਜਦੋਂ ਤੀਕ ਕਿ ਉਸ ਨੇ ਉਹਨਾ ਨੂੰ ਰੱਬੀ-ਪ੍ਰਾਰਥਨਾ ਨਾ ਕੇਵਲ ਚੇਤੇ ਹੀ ਕਰਵਾ ਲਈ ਸਗੋਂ ਉਹ ਇਸ ਲਾਇਕ ਨਾ ਹੋ ਗਏ ਕਿ ਆਪਣੇ ਆਪ ਹੀ ਉਹ ਪ੍ਰਾਰਥਨਾ ਕਰ ਸਕਣ। ਵਿਚਕਾਰਲੇ ਕੱਦ ਵਾਲੇ ਨੇ ਪਹਿਲਾਂ ਸਿੱਖ ਲਈ ਅਤੇ ਉਹ ਇਕਲਿਆਂ ਹੀ ਪ੍ਰਾਰਥਨਾ ਕਹਿ ਸਕਦਾ ਸੀ। ਪਾਦਰੀ ਨੇ ਇਤਨੀ ਵਾਰ ਦੁਹਰਾਈ ਕਰਵਾਈ ਕਿ ਦੂਜੇ ਵੀ ਹੁਣ ਇਸ ਨੂੰ ਉਚਾਰ ਸਕਦੇ ਸਨ।

ਹਨ੍ਹੇਰਾ ਪਸਰ ਰਿਹਾ ਸੀ, ਪਾਣੀ ਤੇ ਚੰਨ ਉਭਰ ਰਿਹਾ ਸੀ, ਅਤੇ ਹੁਣ ਪਾਦਰੀ ਜਹਜ਼ ਤੇ ਪਰਤ ਜਾਣ ਦੇ ਲਈ ਉਠਿਆ। ਜਦੋਂ ਉਸ ਨੇ ਬਜ਼ੁਰਗ ਪਾਸੋਂ ਵਿਦਾਅ ਲਈ ਤਾਂ ਉਹਨਾਂ ਨੇ ਉਸ ਨੂੰ ਡੰਡੌਤ ਕੀਤੀ। ਉਸ ਨੇ ਉਹਨਾਂ ਨੂੰ ਉਠਾਇਆ ਅਤੇ ਅਸ਼ੀਰਵਾਦ ਦੇ ਕੇ ਕਿਹਾ ਕਿ ਜਿਵੇਂ ਦਸਿਆ ਗਿਆ ਹੈ ਇਸ ਪਰਕਾਰ ਹੀ ਪ੍ਰਾਰਥਨਾ ਕੀਤਾ ਕਰਨ। ਤਦ ਉਹ ਕਿਸ਼ਤੀ ਬੈਠ ਕੇ ਜਹਾਜ਼ ਵਿਚ ਪਰਤ ਆਇਆ।

'ਜਦੋਂ ਉਸ ਨੂੰ ਖਵਈਏ ਜਹਾਜ਼ ਵੱਲ ਨੂੰ ਲਿਜਾ ਰਹੇ ਸਨ ਉਸ ਨੂੰ ਤਿੰਨਾਂ ਸਨਿਆਸੀਆਂ ਦੀ ਅਵਾਜ਼ ਸਾਫ ਸੁਣਾਈ ਦੇ ਰਹੀ ਸੀ, ਉਹ ਰੱਬ ਦੀ ਪ੍ਰਾਰਥਨਾ ਉਚੀ-ਉਚੀ ਦੁਹਰਾ ਰਹੇ ਸਨ। ਜਦੋਂ ਕਿਸ਼ਤੀ ਜਹਾਜ਼ ਦੇ ਲਾਗੇ ਪੁਜੀ ਤਾਂ ਉਹਨਾਂ ਦੀ ਆਵਾਜ਼ ਹੁਣ ਸੁਣਾਈ ਨਹੀਂ ਸੀ ਦੇ ਰਹੀ ਪਰ ਅਜੇ ਵੀ ਉਹ ਉਸੇ ਤਰ੍ਹਾਂ ਖੜੋਤੇ ਹੋਏ ਦੇਖੇ ਜਾ ਸਕਦੇ ਸਨ ਜਿਵੇਂ ਕਿ ਉਹ ਉਹਨਾਂ ਨੂੰ ਕੰਢੇ ਤੇ ਖੜੋਤਿਆਂ ਨੂੰ ਛੱਡ ਕੇ ਆਇਆ ਸੀ, ਮਧਰਾ ਵਿਚਕਾਰ ਕਰਕੇ, ਸਭ ਤੋਂ ਲੰਬਾ ਸੱਜੇ ਪਾਸੇ ਅਤੇ ਦਰਮਿਆਨੇ ਕੱਦ ਵਾਲਾ ਖੱਬੇ ਪਾਸੇ ਸੀ। ਜਿਉਂ ਹੀ ਪਾਦਰੀ ਜਹਾਜ਼ ਦੇ ਲਾਗੇ ਪੁਜ ਕੇ ਉਪਰ ਚੜ੍ਹਿਆ, ਲੰਗਰ ਚੁਕ ਲਿਆ ਗਿਆ, ਬਾਦਬਾਨਾਂ ਨੂੰ ਖੋਲ੍ਹ ਦਿੱਤਾ ਗਿਆ। ਬਾਦਬਾਨਾਂ ਵਿਚ ਹਵਾ ਭਰ ਗਈ ਅਤੇ ਜਹਾਜ਼ ਰਵਾਨਾ ਹੋ ਗਿਆ। ਪਾਦਰੀ ਡੈਕ ਤੇ ਇਕ ਕੁਰਸੀ ਤੇ ਬੈਠ ਕੇ ਪਿਛੇ ਰਹੇ ਟਾਪੂ ਨੂੰ ਦੇਖਦਾ ਰਿਹਾ। ਫੇਰ ਉਸ ਨੂੰ ਸਨਿਆਸੀ ਦਿਖਾਈ ਦੇਣ ਤੋਂ ਹਟ ਗਏ ਪਰ ਟਾਪੂ ਅਜੇ ਵੀ ਦਿਖਾਈ ਦੇ ਰਿਹਾ ਸੀ। ਅੰਤਕਾਰ ਉਹ ਵੀ ਓਝਲ ਹੋ ਗਿਆ, ਬਸ ਚੰਨ ਚਾਨਣੀ ਵਿਚ ਠਾਠਾਂ ਮਾਰਦਾ ਕੇਵਲ ਸਮੁੰਦਰ ਹੀ ਦਿਖਾਈ ਦੇ ਰਿਹਾ ਸੀ।

ਯਾਤਰੀ ਸੌਣ ਲਈ ਲੇਟ ਗਏ ਅਤੇ ਜਹਾਜ਼ ਦੇ ਡੈਕ ਤੇ ਸੁੰਨ ਵਰਤ ਗਈ। ਪਾਦਰੀ ਅਜੇ ਸੌਣਾ ਨਹੀਂ ਸੀ ਚਾਂਹਦਾ, ਉਹ ਡੈਕ ਤੇ ਇੱਕਲਾ ਬੈਠਣਾ ਚਾਂਹਦਾ ਸੀ ਅਤੇ ਅਦਿਖ-ਟਾਪੂ ਵਲ ਸਮੁੰਦਰ ਵਲ ਨੀਝ ਲਾ ਕੇ ਦੇਖ ਰਿਹਾ ਸੀ ਤੇ ਉਹਨਾਂ ਭਦਰ ਬਜ਼ੁਰਗਾਂ ਬਾਰੇ ਸੋਚ ਰਿਹਾ ਸੀ। ਉਹ ਸੋਚਦਾ ਸੀ ਕਿ ਉਹ ਤਿੰਨੇ ਜਣੇ ਪਰਮਾਤਮਾ ਦੀ ਪ੍ਰਾਰਥਨਾ ਸਿਖ ਕੇ ਕਿਤਨੇ ਖੁਸ਼ ਸਨ, ਉਸਨੇ ਰੱਬ ਦਾ ਧੰਨਵਾਦ ਕੀਤਾ ਜਿਸ ਨੇ ਕਿ ਇਹੋ ਜਹੇ ਭਲੇ ਬੰਦਿਆਂ ਨੂੰ ਸਿਖਿਆ ਦੇਣ ਅਤੇ ਸਹਾਇਤਾ ਕਰਨ ਲਈ ਉਸ ਨੂੰ ਭੇਜਿਆ ਸੀ।

ਇਸ ਪਰਕਾਰ ਪਾਦਰੀ ਬੈਠਾ ਸੋਚਦਾ ਰਿਹਾ ਅਤੇ ਜਿਥੇ ਟਾਪੂ ਅਖੋਂ ਉਹਲੇ ਹੋ ਚੁੱਕਾ ਸੀ, ਉਥੇ ਸਮੁੰਦਰ ਵਲ ਦੇਖਦਾ ਰਿਹਾ। ਉਸ ਦੀਆਂ ਅੱਖਾਂ ਦੇ ਸਾਹਮਣੇ ਚੰਨ ਚਾਨਣੀ ਚਮਕਦੀ ਰਹੀ ਕਦੇ ਏਥੇ, ਕਦੇ ਉਥੇ ਲਹਿਰਾਂ ਤੇ ਚਮਕਾਂ ਮਾਰਦੀ ਰਹੀ। ਅਚਾਨਕ ਉਸ ਨੂੰ ਕੁਝ ਚਮਕਦਾਰ ਅਤੇ ਰੌਸ਼ਨ ਦਿਖਾਈ ਦਿਤਾ, ਚੰਨ ਵਲੋਂ ਸਮੁੰਦਰੀ ਹੰਸ ਸੀ ਜਾਂ ਕਿਸੇ ਨਿੱਕੀ ਕਿਸ਼ਤੀ ਦਾ ਚਮਕਦਾਰ ਕੋਈ ਨਿੱਕਾ ਬਾਦਬਾਨ ਸੀ ? ਹੈਰਾਨ ਹੁੰਦਿਆਂ ਪਾਦਰੀ ਨੇ ਉਸ ਤੇ ਆਪਣੀ ਨਿਗਾਹ ਟਿਕਾ ਦਿੱਤਾ।

ਉਸ ਨੇ ਸੋਚਿਆ, "ਇਹ ਜ਼ਰੂਰ ਸਾਡੇ ਪਿਛੇ-ਪਿਛੇ ਆ ਰਹੀ ਕੋਈ ਕਿਸ਼ਤੀ ਹੋਵੇਗੀ। ਪਰ ਇਹ ਤਾਂ ਬਹੁਤ ਹੀ ਤੇਜ਼ ਗਤੀ ਨਾਲ ਸਾਡੇ ਲਾਗੇ ਆ ਰਹੀ ਹੈ। ਇਹ ਕਿਸ਼ਤੀ ਤਾਂ


Namdhari Elibrary NamdhariElibrary@gmail.com

ਕਦਾਚਿਤ ਨਹੀਂ ਹੈ, ਕੋਈ ਬਾਦਬਾਨ ਜੋ ਦਿਖਾਈ ਨਹੀਂ ਦੇ ਰਿਹਾ। ਇਹ ਹੁਣ ਜਹੇ ਤਾਂ ਬਹੁਤ ਦੂਰ ਸੀ ਅਤੇ ਹੁਣ ਸਾਡੇ ਬਹੁਤ ਨੇੜੇ ਪੁਜ ਚੁੱਕੀ ਹੈ। ਉਹ ਸੋਚ ਵੀ ਨਾ ਸਕਿਆ ਕਿ ਇਹ ਕੀ ਹੋ ਸਕਦਾ ਹੈ। ਨਾ ਇਕ ਕਿਸ਼ਤੀ, ਨਾ ਇਕ ਪੰਛੀ, ਨਾ ਇਕ ਮੱਛੀ। ਇਹ ਇਕ ਬੰਦੇ ਨਾਲੋਂ ਬਹੁਤ ਵਡੀ ਸੀ ਅਤੇ ਫੇਰ ਬੰਦਾ ਸਮੁੰਦਰ ਦੇ ਵਿਚਕਾਰ ਕਿੰਝ ਹੋ ਸਕਦਾ ਹੈ।

ਪਾਦਰੀ ਉਠਿਆ ਅਤੇ ਮਾਂਝੀ ਨੂੰ ਜਾ ਕੇ ਕਿਹਾ—

"ਉਹ ਦੇਖੋ, ਉਹ ਕੀ ਹੈ ਮੇਰੇ ਮਿੱਤਰ ? ਇਹ ਕੀ ਹੈ ?" ਪਾਦਰੀ ਨੇ ਮੁੜ ਕਿਹਾ, ਭਾਵੇਂ ਹੁਣ ਉਸਨੂੰ ਸਪੱਸ਼ਟ ਦਿਸ ਰਿਹਾ ਸੀ ਕਿ ਉਹ ਕੀ ਸੀ— ਤਿੰਨ ਸਨਿਆਸੀ, ਪਾਣੀ ਤੇ ਦੌੜ ਰਹੇ, ਪੂਰੇ ਦੁੱਧ ਚਿੱਟੇ, ਉਹਨਾਂ ਦੇ ਧੌਲੇ ਦਾਹੜੇ ਚਮਕਾਂ ਮਾਰਦੇ, ਉਹ ਇਤਨੀ ਤੇਜ਼ੀ ਨਾਲ ਜਹਾਜ਼ ਦੇ ਨੇੜੇ ਆ ਰਹੇ ਸਨ ਜਿਵੇਂ ਜਹਾਜ਼ ਚਲ ਹੀ ਨਾ ਰਿਹਾ ਹੋਵੇ। ਮਾਂਝੀ ਨੇ ਦੇਖਿਆ ਅਤੇ ਮਾਰੇ ਭੈਅ ਦੇ ਪਤਵਾਰ ਉਸ ਦੇ ਹਥੋਂ ਛੁੱਟ ਗਿਆ। "ਹਾਏ ਰੱਬਾ ਸਨਿਆਸੀ ਸਾਡੇ ਪਿਛੇ ਪਾਣੀ ਤੇ ਇੰਝ ਦੌੜ ਰਹੇ ਹਨ ਜਿਵੇਂ ਇਹ ਸੁਕੀ ਧਰਤੀ ਹੋਵੇ।"

ਉਸਦੀ ਗੱਲ ਸੁਣ ਕੇ ਯਾਤਰੀ ਡੇਕ ਤੇ ਆਨ ਇੱਕਠੇ ਹੋਏ। ਉਹਨਾਂ ਨੇ ਦੇਖਿਆ ਕਿ ਸਨਿਆਸੀ ਇਕ ਦੂਜੇ ਦੇ ਹੱਥ ਫੜਕੇ ਚਲੇ ਆ ਰਹੇ ਹਨ ਅਤੇ ਦੋਹਾਂ ਪਾਸਿਆਂ ਵਾਲੇ ਜਹਾਜ਼ ਨੂੰ ਰੁਕਣ ਲਈ ਇਸ਼ਾਰੇ ਕਰ ਰਹੇ ਹਨ। ਤਿੰਨੇ ਜਣੇ ਬਿਨਾ ਚਲਿਆਂ ਪਾਣੀ ਦੇ ਉਪਰ ਫਿਸਲ ਰਹੇ ਸਨ। ਇਸ ਤੋਂ ਪਹਿਲਾਂ ਕਿ ਜਹਾਜ਼ ਨੂੰ ਰੋਕਿਆ ਜਾ ਸਕਦਾ, ਸਨਿਆਸੀ ਉਸ ਦੇ ਪਾਸ ਪੁਜ ਗਏ ਅਤੇ ਹੱਥ ਉਪਰ ਚੁੱਕ ਕੇ ਤਿੰਨੇ ਜਣੇ ਇਕ ਆਵਾਜ਼ ਹੋ ਕੇ ਬੋਲੇ— "ਰੱਬ ਦਿਆ ਸੇਵਕਾ, ਅਸੀਂ ਤੇਰੀ ਸਿਖਿਆ ਭੁਲ ਗਏ ਹਾਂ। ਜਦੋਂ ਤਕ ਅਸੀਂ ਉਸ ਨੂੰ ਰੱਟਦੇ ਰਹੇ ਸਾਨੂੰ ਚੇਤੇ ਰਹੀ, ਪਰ ਜਦੋਂ ਕੁਝ ਸਮੇਂ ਲਈ ਅਸੀਂ ਰੁਕ ਗਏ, ਇਕ ਸ਼ਬਦ ਭੁਲਿਆ ਗਿਆ ਪਰ ਹੁਣ ਤਾਂ ਕੁਝ ਵੀ ਪੱਲੇ ਨਹੀਂ ਰਿਹਾ। ਸਾਨੂੰ ਕੁਝ ਵੀ ਯਾਦ ਨਹੀਂ ਹੈ। ਸਾਨੂੰ ਫੇਰ ਤੋਂ ਸਿਖਾ ਦੇਵੋ।"

ਪਾਦਰੀ ਨੇ ਆਪਣੇ ਤਨ ਤੇ ਸਲੀਬ ਉਲੀਕੀ ਅਤੇ ਝੁਕਦਿਆਂ ਹੋਇਆਂ ਕਿਹਾ—"ਰੱਬ ਦੇ ਭਗਤੋ, ਤੁਹਾਡੀ ਆਪਣੇ ਵਾਲੀ ਪ੍ਰਾਰਥਨਾ ਰੱਬ ਦੀ ਦਰਗਾਹ ਵਿਚ ਪੁੱਜੇਗੀ। ਮੈਂ ਨਾਚੀਜ਼ ਤੁਹਾਨੂੰ ਸਿਖਿਆ ਦੇਣ ਵਾਲਾ ਕੌਣ ਹੁੰਦਾ ਹਾਂ। ਸਾਡੇ ਪਾਪੀਆਂ ਲਈ ਵੀ ਪ੍ਰਾਰਥਨਾ ਜ਼ਰੂਰ ਕਰਨੀ।" ਅਤੇ ਆਦਰ ਵਜੋਂ ਬਜ਼ੁਰਗ ਅਗੇ ਝੁਕਿਆ ਅਤੇ ਉਹ ਮੁੜ ਕੇ ਸਮੁੰਦਰ ਦੇ ਪਾਰ ਪਰਤ ਗਏ। ਅਤੇ ਜਿਥੇ ਉਹ ਨਜ਼ਰਾਂ ਤੋਂ ਅਲੋਪ ਹੋਏ ਸਨ ਉਥੇ ਸਰਘੀ ਵੇਲੇ ਤਕ ਨੂਰ ਦਾ ਚਮਕਾਰਾ ਰਿਹਾ।

# ਲੱਖ ਵਾਰ ਮੈਂ ਕਰਾਂ ਪ੍ਰਣਾਮ

*—ਸੂਬਾ ਗੁਰਦਿਆਲ ਸਿੰਘ*

ਦੇਖ ਰਹਿਮਤਾਂ ਬਰਕਤਾਂ ਗੁਰੂ ਜਗਜੀਤ ਦੀਆਂ,
ਕੁਝ ਲਿਖਣ ਵੱਲ ਮੇਰਾ ਧਿਆਨ ਹੋਇਆ।
ਏਸ ਮਿਸਰੀ ਦੇ ਵੱਡੇ ਪਹਾੜ ਵਿਚੋਂ,
ਕਿਣਕਾ ਚੱਖਣ ਦਾ ਮੈਨੂੰ ਗਿਆਨ ਹੋਇਆ।
ਕਲੂ ਕਾਲ ਦੇ ਜੁਗ ਹਨੇਰ ਅੰਦਰ,
ਸੂਰਜ ਵਾਂਗ ਪ੍ਰਕਾਸ਼ ਅਸਮਾਨ ਹੋਇਆ।
ਰੱਖਿਆ ਕਲਜੁਗੀ ਜੀਵਾਂ ਦੀ ਕਰਨ ਖਾਤਰ,
ਮੈਦਾਨੇ ਜੰਗ ਵਿੱਚ ਵੱਡਾ ਬਲਵਾਨ ਹੋਇਆ।
ਤੀਰ ਮਾਰ ਕੇ ਪ੍ਰੇਮ ਤੇ ਪਿਆਰ ਵਾਲਾ,
ਲੱਖਾਂ ਪਾਪੀਆਂ ਦਾ ਡਿਠਾ ਕਲਿਆਣ ਹੋਇਆ।
ਲੱਖ ਵਾਰ ਮੈਂ ਕਰਾਂ ਪ੍ਰਣਾਮ ਇਸਨੂੰ,
ਤਿੰਨਾਂ ਲੋਕਾਂ ਤੇ ਏਹੋ ਮੇਹਰਬਾਨ ਹੋਇਆ।

ਭੈਣੀ ਸਾਹਿਬ ਦੇ ਬਹੁਤ ਨੇ ਭਾਗ ਚੰਗੇ,
ਜਿਥੇ ਪ੍ਰਗਟਿਆ ਰੱਬ ਸੁਲਤਾਨ ਡਿੱਠਾ।
ਸੋਹਣੀ ਧਰਤੀਏ ਕਰਾਂ ਸੁਲਾਮ ਤੈਨੂੰ,
ਜਿਥੇ ਤੁਰਿਆ ਮੈਂ ਗੁਰੂ ਬਲਵਾਨ ਡਿੱਠਾ।
ਵੇਲੇ ਸ਼ਾਮ ਦੇ ਸਾਢੇ ਕੁ ਚਾਰ ਵਜੇ,
ਤੁਰਿਆਂ ਜਾਂਦਾ ਸੀ ਮੈਨੇ ਭਗਵਾਨ ਡਿੱਠਾ।
ਸਿੱਖ ਵੀਹ ਕੁ ਸਨ ਉਹਨਾਂ ਦੇ ਨਾਲ ਸੋਹਣੇ,
ਸਭ ਗੁਰੂਆਂ ਤੋਂ ਲੱਗੇ ਮਹਾਨ ਡਿੱਠਾ।
ਕਾਰਾਂ ਜਾਂਦੀਆਂ ਭਗਵਾਨ ਦੇ ਰੱਥ ਵਾਂਗੂ,
ਗਰਦਾ ਚੜ੍ਹਿਆ ਸੀ ਵਿਚ ਅਸਮਾਨ ਡਿੱਠਾ।
ਪਿਛੇ ਜਾਂਦੀਆਂ ਸਨ ਸੰਗਤਾਂ ਹੋਰ ਤੁਰੀਆਂ,
ਕਰਦੇ ਬੰਦਨਾ ਸੀ ਮੈਨੇ ਜਹਾਨ ਡਿੱਠਾ।
ਵਿੱਚ ਅਕੈਡਮੀ ਗੁਰੂ ਜਗਜੀਤ ਪਿਆਰਾ,
ਖੇਡਾਂ ਖੇਡਦਾ ਖੇਡ ਮੈਦਾਨ ਡਿੱਠਾ।
ਕੱਲੇ ਕੱਲੇ ਖਿਡਾਰੀ ਨੂੰ ਆਪ ਪਰਖੇ,
ਲੈਂਦਾ ਉਹਨਾਂ ਦਾ ਇਮਤਿਹਾਨ ਡਿੱਠਾ।
ਦੁਖੀ ਕਈ ਗਰੀਬ ਸਨ ਆਏ ਉਥੇ,
ਕਰਦਾ ਉਹਨਾਂ ਦੀ ਮੈਂ ਕਲਿਆਨ ਡਿੱਠਾ।
ਦੁਖ ਕੱਟਦੇ ਗੁਰਾਂ ਨੇ ਬਚਨ ਕਰਕੇ,
ਹੋਇਆ ਉਹਨਾਂ ਤੇ ਬੜਾ ਮੇਹਰਬਾਨ ਡਿੱਠਾ।
ਸੋਹਣਾ ਮੁਖੜਾ ਏਹਦਾ ਗੁਲਾਬ ਜੈਸਾ,
ਹੁੰਦਾ ਜੱਗ ਮੈਂ ਏਹਤੋਂ ਕੁਰਬਾਨ ਡਿੱਠਾ।
ਲੱਖਾਂ ਪਾਪੀਆਂ ਨੂੰ ਬਖਸ਼ਦਾ ਮੇਲਿਆਂ ਤੇ,
ਏਹਦੇ ਵਰਗਾ ਨੀ ਗੁਰੂ ਬਲਵਾਨ ਡਿੱਠਾ।
ਜੇਹਨੇ ਗੁਰੂ ਜਗਜੀਤ ਨੂੰ ਜਾਣਿਆ ਨੀ,
ਹੁੰਦਾ ਲੱਖਾਂ ਦਾ ਉਹਦਾ ਨੁਕਸਾਨ ਡਿੱਠਾ।
ਰੱਬ ਮੰਨਕੇ ਜਿਨ੍ਹਾਂ ਨੇ ਕਰੀ ਸੇਵਾ,
ਹੁੰਦਾ ਜੱਗ ਤੇ ਉਹਨਾ ਦਾ ਮਾਣ ਡਿੱਠਾ।
ਤਨ ਮਨ ਧਨ ਜਿਸਨੇ ਸੌਂਪ ਦਿਤਾ,
ਰਹਿੰਦਾ ਜੱਗ ਤੇ ਉਹਦਾ ਨਿਸ਼ਾਨ ਡਿੱਠਾ।
ਲੈਕੇ ਖੁਸ਼ੀਆਂ ਗੁਰੂ ਜਗਜੀਤ ਕੋਲੋਂ,
ਹੁੰਦਾ ਦਰਗਾਹ ਦੇ ਵਿੱਚ ਪ੍ਰਵਾਨ ਡਿੱਠਾ।


Namdhari Elibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

---

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

---

ਵਰਿਆਮ ਲਈ ਸ਼ੁਭ ਇਛਾਵਾਂ :
ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prof. S. Ajit Singh Namdhari

---

**JANTA**
**HYDRAULIC PRESSES**



JANTA ENGG. WORKS

---

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੋਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

---

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

SugarMill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar. Ph. : 458795, 459056



Namdhari Elibrary NamdhariElibrary@gmail.com

# ਖੁਸ਼ੀਆਂ ਗੁਰ ਦਰਸ਼ਨਾਂ ਦੀਆਂ ਤੇ ਮੇਲਾ ਮਾਸਟਰ ਨਿਹਾਲ ਸਿੰਘ ਜੀ ਦਾ

*—ਮਾਸਟਰ ਅਮਰੀਕ ਸਿੰਘ*

ਸਤਿਗੁਰੂ ਦਰਸ਼ਨਾਂ ਨਾਲ ਭਰਪੂਰ ਹੋਇਆ ਜਦੋਂ ਮੈਂ ਘਰ ਪੁੱਜਾ ਤਾਂ ਸਾਰਾ ਘਰ ਕੀ ਸਮੁੱਚਾ ਮਹੌਲ ਹੀ ਅਤੀ ਸੋਹਣਾ ਲਗ ਰਿਹਾ ਸੀ। ਬਿਸਤਰੇ ਲੰਮਾ ਪਿਆ ਸਾਂ ਪਰ ਨੀਂਦ ਨਹੀਂ ਆ ਰਹੀ ਸੀ। ਸਤਿਗੁਰੂ ਦਰਸ਼ਨਾਂ ਦੀ ਮਸਤੀ ਹਾਲੇ ਤੀਕ ਨਹੀਂ ਸੀ ਲਹਿ ਰਹੀ। ਉਹਨਾਂ ਦੀ ਮੂਰਤ ਅੱਖਾਂ ਵਿੱਚ ਵਸੀ ਪਈ ਸੀ।

ਜਿਵੇਂ ਕਿਵੇਂ ਕਰਕੇ ਨੀਂਦਰ ਪਤਾ ਨਹੀਂ ਕਦੋਂ ਪੈ ਗਈ। ਰਾਤ ਇਹ ਸੋਚ ਕੇ ਬਿਸਤਰੇ ਤੇ ਪਿਆ ਸਾਂ ਕਿ ਸਵੇਰੇ ਪਹਿਲੀ ਚਾਰ ਵਾਲੀ ਬੱਸ ਤੇ ਜਾਵਾਂਗੇ ਆਸਾ ਦੀ ਵਾਰ ਵਿੱਚ, ਪਰ ਜਾਗ ਹੀ ਪੌਣੇ ਚਾਰ ਵਜੇ ਆਈ। ਹੁਣ ਕੀ ਹੋ ਸਕਦਾ ਸੀ। ਮੈਂ ਕਿਹਾ ਸਰਦੀ ਤਾਂ ਹੈ ਸਕੂਟਰ ਤੇ ਹੀ ਚਲੋ ਜਾਵਾਂਗੇ ਪਰ ਅਫਸੋਸ ਸਕੂਟਰ ਵਿੱਚ ਪੈਟਰੋਲ ਨਹੀਂ ਸੀ। ਹੁਣ ਕੀ ਕਰਾਂ ? ਬੇ-ਵੱਸ ਹੋ ਕੇ ਮੈਂ ਫੇਰ ਬਿਸਤਰੇ ਵਿੱਚ ਬਹਿ ਗਿਆ। ਆਸਾ ਦੀ ਵਾਰ ਵਿੱਚ ਹੁਣ ਨਹੀਂ ਪਹੁੰਚ ਸਕਦਾ ਸਾਂ। ਸੋਚਿਆ ਮਾਸਟਰ ਨਿਹਾਲ ਸਿੰਘ ਜੀ ਬਾਰੇ ਕਵਿਤਾ ਹੀ ਲਿਖ ਲਈ ਜਾਏ। ਸਤਿਗੁਰੂ ਜੀ ਨੇ ਕਿਰਪਾ ਕਰਕੇ ਅਜੇਹਾ ਮਨ ਜੋੜਿਆ ਕਿ ਇਕ ਘੰਟੇ ਵਿੱਚ ਸਤ ਬੰਦ ਲਿਖੇ ਗਏ। ਜਿਵੇਂ ਮਾਸਟਰ ਜੀ ਨੇ ਆਪ ਕੋਲ ਬਹਿ ਕੇ ਲਿਖਵਾ ਦਿੱਤੀ ਹੋਵੇ।

ਦਿਨ ਚੜ੍ਹੇ ਸਕੂਟਰ ਵਿੱਚ ਪੈਟਰੋਲ ਪੁਆਇਆ ਤੇ ਬਰਾਸਤਾ ਅੰਮ੍ਰਿਤਸਰ ਕਲਾਂ ਸ. ਬਲਦੇਵ ਸਿੰਘ ਨੂੰ ਨਾਲ ਲੈ ਕੇ ਮਸਤਾਨਗੜ੍ਹ ਪਹੁੰਚ ਗਿਆ। ਜਾਕੇ ਵੇਖਿਆ ਕੋਠੀ ਦਾ ਚੁਫੇਰਾ ਸੰਗਤ ਨਾਲ ਭਰਿਆ ਪਿਆ ਸੀ। ਕੋਠੀ ਤੇ ਚੜ੍ਹ ਕੇ ਵੇਖਿਆ ਆਸੇ ਪਾਸਿਓਂ ਸੰਗਤਾਂ ਹਾਲੇ ਵੀ ਵਹੀਰਾਂ ਘੱਤ ਰਹੀਆਂ ਸਨ। ਸੜਕਾਂ ਡੰਡੀਆਂ ਰਾਹੀਂ ਚਿੱਟੇ ਬਸਤਰਾਂ ਵਿੱਚ ਮਸਤਾਨ ਗੜ੍ਹ ਨੂੰ ਕਤਾਰਾਂ ਵਿੱਚ ਇਸ ਤਰ੍ਹਾਂ ਆ ਰਹੀਆਂ ਸਨ ਜਿਵੇਂ ਦੁੱਧ ਦੀਆਂ ਨਦੀਆਂ ਸਾਗਰ ਵਿੱਚ ਪੈਣ ਲਈ ਵਗ ਰਹੀਆਂ ਹੋਣ।

ਸੂਬਾ ਬਲਦੇਵ ਸਿੰਘ ਐਲਨਾਬਾਦ ਜੀ ਤੇ ਸ. ਮਨਮੋਹਨ ਸਿੰਘ, ਸ. ਚਰਨਜੀਤ ਸਿੰਘ ਸਪੁੱਤਰ ਮਾਸਟਰ ਨਿਹਾਲ ਸਿੰਘ ਜੀ ਮਿਲੇ, ਪ੍ਰੋਗਰਾਮ ਦਾ ਪਤਾ ਲਿਆ। ਦੋਵੇਂ ਕੁਝ ਘਬਰਾ ਰਹੇ ਸਨ ਕਿ ਪੰਡਾਲ ਛੋਟਾ ਸੀ ਤੇ ਸੰਗਤ ਕਿਵੇਂ ਆਵੇਗੀ। ਮੈਂ ਤਸੱਲੀ ਦਿੱਤੀ ਫਿਕਰ ਨਾ ਕਰੋ ਸਤਿਗੁਰੂ ਭਲੀ ਕਰੇਗਾ। ਮਾਸਟਰਾਂ ਦਾ ਮੇਲਾ ਬੜਾ ਗੱਜ ਵੱਜ ਕੇ ਹੋਵੇਗਾ।

ਪੰਡਾਲ ਵਿੱਚ ਦੀਵਾਨ ੧੦.੩੦ ਵਜੇ ਸ਼ੁਰੂ ਹੋ ਗਿਆ। ਪਹਿਲਾਂ ਪ੍ਰੀਤਮ ਸਿੰਘ ਕਸ਼ਮੀਰ ਸਿੰਘ ਕਵੀਸ਼ਰਾਂ ਨੇ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿੱਚ ਗੁਰ ਇਤਿਹਾਸ ਬਾਰੇ ਕਵਿਤਾਵਾਂ ਪੜ੍ਹੀਆਂ। ਇਹਨਾਂ ਤੋਂ ਬਾਦ ਸਾਡੇ ਇਲਾਕੇ ਦੇ ਮਸ਼ਹੂਰ ਸੰਤ ਜੋਧਾ ਸਿੰਘ ਤੇ ਉਹਨਾਂ ਦਾ ਭਰਾ ਲਗੇ। ਉਹਨਾਂ ਨੇ ਮਾਸਟਰ ਜੀ ਨੂੰ ਸ਼ਰਧਾਂਜਲੀ ਦਿੱਤੀ ਤੇ ਮਾਸਟਰ ਜੀ ਰਚੀ ਪੁਸਤਕ ਸਤਿਗੁਰ ਸਾਖੀਆਂ ਦੇ ਆਧਾਰ ਤੇ ਵਧੀਆ ਸ਼ੈਲੀ ਵਿੱਚ ਕਵਿਤਾਵਾਂ ਬੋਲੀਆਂ ਤੇ ਵਖਿਆਨ ਦਿੱਤਾ। ਸਾਢੇ ਗਿਆਰਾਂ ਵਜੇ ਸਾਡੇ ਇਲਾਕੇ ਦੇ ਮਸ਼ਹੂਰ ਤੇ ਨੌਜਵਾਨ ਕਵੀਸ਼ਰੀ ਸ. ਪੰਜਾਬ ਸਿੰਘ ਜਥੇਦਾਰ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿੱਚ ਕਵੀਸ਼ਰੀ ਸ਼ੁਰੂ ਕੀਤੀ ਤੇ ਦੱਸਿਆ ਕਿ ਕਿਵੇਂ ਮਾਸਟਰ ਜੀ ਨੇ ਆਪਣੀ ਵਿਦਵਤਾ ਦੁਆਰਾ ਏਸ ਇਲਾਕੇ ਨੂੰ ਵਿਦਿਆ ਦਾ ਚਾਨਣਾ ਬਖਸ਼ਿਆ। ਪੂਰੇ ਬਾਰਾਂ ਵਜੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਵਲੋਂ ਕਵੀ ਦਰਬਾਰ ਸ਼ੁਰੂ ਹੋਇਆ। ਸੰਗਤ ਪੰਡਾਲ ਵਿੱਚ ਹੌਲੀ ਹੌਲੀ ਸਜ ਰਹੀ ਸੀ। ਸੱਚੇ ਪਾਤਸ਼ਾਹਾਂ ਦੀ ਉਡੀਕ ਬੜੀ ਬੇ-ਸਬਰੀ ਨਾਲ ਹੋ ਰਹੀ ਸੀ।

ਸਭ ਤੋਂ ਪਹਿਲਾਂ ਸਭਾ ਦੇ ਉੱਘੇ ਰੁਕਨ ਕਰਨੈਲ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗੁਰੂ ਮਹਿਮਾ ਗਾ ਕੇ ਸੁਣਾਈ। ਸ਼ੁਰੂਆਤ ਚੰਗੀ ਹੋ ਗਈ ਫੇਰ ਬਲਦੇਵ ਸਿੰਘ ਵੜੈਚ ਨੇ ਸਤਿਗੁਰੂ ਜੀ ਦੇ ਦਰਸ਼ਨ ਦੇਣ ਦੀ ਖੁਸ਼ੀ ਵਿਚ ਤੇ ਉਹਨਾਂ ਦੀ ਸਿਫ਼ਤ ਵਿੱਚ ਆਪਣਾ ਗੀਤ ਸਦਾ ਵਾਂਗ ਆਪ ਮਧੁਰ ਆਵਾਜ਼ ਵਿੱਚ ਗਾ ਕੇ ਸੁਣਾਇਆ। ਵਰਿਆਮ ਸਿੰਘ ਪਿਆਸਾ ਨੇ ਹਮੇਸ਼ਾ ਦੀ ਤਰ੍ਹਾਂ ਸਤਿਗੁਰਾਂ ਦੇ ਏਸ ਇਲਾਕੇ ਵਿੱਚ ਆਗਮਨ ਦਾ ਵਰਣਨ ਆਪਣੀ ਕਵਿਤਾ ਵਿੱਚ ਬੜੇ ਵਿਸਥਾਰ ਨਾਲ ਕੀਤਾ। ਕੁਲਦੀਪ ਸਿੰਘ ਚੀਮਾ ਨੇ ਥੋੜ੍ਹੇ ਪਰ ਭਾਵਪੂਰਨ ਸ਼ਬਦਾਂ ਵਿਚ ਸੱਚੇ ਪਾਤਸ਼ਾਹ ਜੀ ਦਾ ਸੁਆਗਤ ਕੀਤਾ, ਫੇਰ ਗੁਰਮੇਲ ਸਿੰਘ ਹੰਸ, ਸਵਰਨ ਸਿੰਘ ਚੀਮਾ ਪ੍ਰਕਾਸ਼ ਸਿੰਘ ਰਾਏਸਰੀ, ਲਖਵਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ



Namdhari Elibrary NamdhariElibrary@gmail.com

ਭਿੰਡਰ, ਗੁਰਬਖਸ਼ ਸਿੰਘ, ਰਾਮ ਪੁਰੀ ਜੀ, ਗੁਰਦਿਆਲ ਸਿੰਘ ਪ੍ਰੀਤ ਨੇ ਵੀ ਮਾਸਟਰ ਨਿਹਾਲ ਸਿੰਘ ਜੀ ਬਾਰੇ ਬੜੇ ਸਾਹਿੱਤਕ ਅੰਦਾਜ਼ ਵਿੱਚ ਬੜੀ ਵਿਦਵਤਾ ਪੂਰਨ ਕਵਿਤਾ ਕਹੀ। ਸੰਗਤਾਂ ਨੇ ਜੈਕਾਰਿਆਂ ਦੁਆਰਾ ਕਵੀਆਂ ਦਾ ਹੌਸਲਾ ਵਧਾਇਆ। ਮਾਸਟਰ ਜੀ ਦੇ ਸਪੁੱਤਰ ਹਰ ਕਵੀ ਤੇ ਕਵੀਸ਼ਰ ਨੂੰ ਨਾਲ ਦੀ ਨਾਲ ਮਾਇਆ ਵਾਲੇ ਲਫ਼ਾਫ਼ੇ ਭੇਟ ਕਰ ਰਹੇ ਸਨ। ਇਹਨਾਂ ਸਤਰਾਂ ਦੇ ਲੇਖਕ ਨੇ ਵੀ ਆਪਣੇ ਪਿਆਰੇ ਮਾਸਟਰ ਜੀ ਨੂੰ ਕਾਵਿ-ਸ਼ਰਧਾਂਜਲੀ ਬੜੇ ਭਾਵੁਕ ਲਹਿਜੇ ਵਿੱਚ ਭੇਟ ਕੀਤੀ। ਕਵੀ ਦਰਬਾਰ ਪੂਰੇ ਇੱਕ ਵਜੇ ਖਤਮ ਹੋਇਆ ਤੇ ਨਾਮਧਾਰੀ ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ ਸੰਤ ਅਮਰ ਸਿੰਘ ਜੀ ਨਕੋੜੇ ਵਾਲਿਆਂ ਨੇ ਹੱਲੇ ਦਾ ਦੀਵਾਨ ਸ਼ੁਰੂ ਕੀਤਾ। ਜੋਗਿੰਦਰ ਸਿੰਘ ਮੁਕਤਾ ਤੇ ਜੋਗਿੰਦਰ ਰਾਣੀਆਂ ਦੀਆਂ ਉਂਗਲਾਂ ਹਾਰਮੋਨੀਅਮ ਅਤੇ ਢੋਲਕੀ ਤੇ ਥਿਰਕਣ ਲੱਗੀਆਂ। ਨਾਲ ਛੈਣਿਆਂ ਵਾਲਿਆਂ ਦੀ ਛੰਨ ਛੰਨ ਦੀ ਆਵਾਜ਼ ਨੇ ਪਹਿਲੇ ਲਹਿਰੇ ਨਾਲ ਹੀ ਇਕ ਅਲੌਕਿਕ ਸਮਾਂ ਬੰਨ੍ਹ ਦਿੱਤਾ। ਜਥੇਦਾਰ ਜੀ ਨੇ ਕਵੀਆਂ ਦੀ ਸਿਫ਼ਤ ਤੋਂ ਆਪਣਾ ਭਾਸ਼ਨ ਸ਼ੁਰੂ ਕੀਤਾ। ਉਹਨਾਂ ਕਿਹਾ ਅਗਲੇ ਜਿੰਨੇ ਕਵੀਆਂ ਨੇ ਜੋ ਕੁਝ ਵੇਖਿਆ ਉਸ ਨੂੰ ਅਸੀਂ ਸਦੀਆ ਤੋਂ ਸੁਣ ਰਹੇ ਹਾਂ। ਪਰ ਜੋ ਕੁਝ ਅਸੀਂ ਪੜ੍ਹਦੇ ਹਾਂ ਉਹ ਸਾਡੇ ਚੋਂ ਕਿਸੇ ਵੀ ਵੇਖਿਆ ਨਹੀਂ ਪਰ ਇਹ ਅਜ ਦੇ ਕਵੀ ਜਿਸ ਬਾਰੇ ਲਿਖ ਰਹੇ ਹਨ ਅਸੀਂ ਇਹ ਵੇਖ ਰਹੇ ਹਾਂ, ਉਹ ਸਾਰਾ ਕੁਝ ਅਸੀਂ ਮਾਣ ਰਹੇ ਹਾਂ। ਉਹਨਾਂ ਦੀ ਸੁਰੀਲੀ ਤੇ ਬੁਲੰਦ ਆਵਾਜ਼ ਤੇ ਸੁਰ ਤਾਲ ਨੇ ਸਮਾਂ ਬੰਨ੍ਹ ਦਿਤਾ। ਸੰਤ ਅਮਰ ਸਿੰਘ ਜੀ ਦਾ ਦੀਵਾਨ ਸਾਡੇ ਪੁਰਾਣੇ ਹੱਲੇ ਦੇ ਦੀਵਾਨਾਂ ਦੀ ਦ੍ਰਿਸ਼ ਸਾਹਮਣੇ ਆ ਜਾਂਦਾ ਏ। ਸੰਗਤ ਦਾ ਮਨ ਮਸਤੀ ਵਿੱਚ ਨੱਚ ਰਿਹਾ ਜਾਪਦਾ ਸੀ। ਏਨੀ ਚੁੱਪ ਸੀ ਦੀਵਾਨ ਵਿੱਚ ਕਿ ਸੂਈ ਡਿੱਗੀ ਦੀ ਆਵਾਜ਼ ਤਾਂ ਸੁਨਾਈ ਦੇ ਸਕਦੀ ਸੀ। ਜਥੇਦਾਰ ਜੀ ਨੇ ਪਰਮਾਣ ਦੇ ਕੇ ਸਿੱਧ ਕੀਤਾ ਕਿ ਦੇਹਧਾਰੀ ਸਤਿਗੁਰੂ ਤੋਂ ਬਗੈਰ ਅਸੀਂ ਪੂਰਾ ਗਿਆਨ ਤੋਂ ਮੁਕਤੀ ਦਾ ਰਾਹ ਨਹੀਂ ਪ੍ਰਾਪਤ ਕਰ ਸਕਦੇ।

ਦੋ ਵੱਜਣ ਤੋਂ ਪਹਿਲਾਂ ਹੀ ਆਪ ਹਜ਼ੂਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਦਾ ਸਮਾਂ ਆ ਗਿਆ। ਜ਼ੋਰਦਾਰ ਆਵਾਜ਼ ਵਿੱਚ ਸੰਤ ਸਤਿਨਾਮ ਸਿੰਘ ਮੁਕਤਾ ਨੇ ਜੈਕਾਰਾ ਛੱਡਿਆ ਤੇ ਸਾਰੀ ਸੰਗਤ ਆਪਣੇ ਮਹਿਬੂਬ ਦੇ ਸਤਿਕਾਰ ਵਜੋਂ ਖੜੀ ਹੋ ਗਈ। ਸੱਚੇ ਪਾਤਸ਼ਾਹ ਆਪਣੇ ਆਸਣ ਤੇ ਸ਼ਸ਼ੋਭਤ ਹੋ ਗਏ। ਕੱਲ ਹੋ ਕੇ ਨਮਸਕਾਰ ਕਰਨ ਵਾਲੇ ਲਾਈਨਾਂ ਬਣਾ ਕੇ ਖੜੇ ਹੋ ਗਏ। ਮਾਈ ਭਾਈ ਅੱਡ ਅੱਡ ਲਾਈਨਾਂ ਵਿਚ ਮੱਥਾ ਟੇਕ ਰਹੇ ਸਨ ਤੇ ਹਰ ਇਕ ਚਾਹ ਰਿਹਾ ਸੀ ਕਿ ਮੈਂ ਏਥੇ ਬੈਠ ਕੇ ਆਪਣੇ ਪਿਆਰੇ ਮਨਮੀਤ ਨੂੰ ਨਿਹਾਰਦਾ ਹੋ।

ਪੂਰੇ ਦੋ ਵਜੇ ਨਿਤਨੇਮ ਦੀ ਅਰਦਾਸ ਹੋਈ ਮਾਸਟਰ ਦਰਸ਼ਨ ਸਿੰਘ ਜੀ ਨੇ ਆਪਣੀ ਰੌਚਕ ਆਵਾਜ਼ ਵਿੱਚ ਅਰਦਾਸ ਕੀਤੀ। ਮੱਥਾ ਟੇਕਣ ਵਾਲਿਆਂ ਦੀਆਂ ਲਾਈਨਾਂ ਉਸੇ ਤਰ੍ਹਾਂ ਦਰਸ਼ਨ ਕਰਕੇ ਅਨ-ਮਨੇ ਮਨ ਨਾਲ ਜਾਂਦੀਆਂ ਰਹੀਆਂ। ਕਈ ਮਾਈਆਂ ਬਜ਼ੁਰਗਾਂ ਨੂੰ ਤਾਂ ਪ੍ਰਬੰਧਕਾਂ ਨੇ ਬੜੀ ਮੁਸ਼ਕਲ ਨਾਲ ਅਗੋਂ ਹਟਾਇਆ। ਏਸ ਦ੍ਰਿਸ਼ ਨੂੰ ਕਿਸ ਚੀਜ਼ ਤੁਲਨਾ ਦਿਆਂ ਨਾਲ ਕੁਝ ਔੜ ਨਹੀਂ ਰਿਹਾ।

ਨਿਤ ਨੇਮ ਦੀ ਅਰਦਾਸ ਹੋਈ। ਨਿਤਨੇਮ ਦੇ ਚਲਦੇ ਹੀ ਮਾ. ਨਿਹਾਲ ਸਿੰਘ ਜੀ ਨਮਿਤ ਇਕ ਸਾਧਾਰਨ ਪਾਠ ਦਾ ਭੋਗ ਪਿਆ ਜਿਸ ਵਿੱਚ ਸ. ਮਨਮੋਹਨ ਸਿੰਘ ਤੋਂ ਚਰਨਜੀਤ ਸਿੰਘ ਸਮੇਤ ਪ੍ਰਵਾਰ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਪਰ ਲਾਈਨਾਂ ਹਾਲੇ ਉਸੇ ਤਰ੍ਹਾਂ ਬਰਕਰਾਰ ਚਲ ਰਹੀਆਂ ਸਨ। ਦਰਸ਼ਨਾਰਥੀ ਹਾਲੇ ਵੀ ਉਸੇ ਤਰ੍ਹਾਂ ਨਮਸਕਾਰ ਕਰੀ ਜਾ ਰਹੇ ਸਨ ਕਈਆਂ ਨੂੰ ਤਾਂ ਮੈ ਵੇਖਿਆ ਦੋਬਾਰਾਂ ਲਾਈਨਾਂ ਵਿੱਚ ਲੱਗ ਕੇ ਨਮਸਕਾਰ ਕਰਨ ਆ ਜਾਂਦੇ। ਜਿਵੇਂ ਉਹਨਾਂ ਦਾ ਮਨ ਆਪਣੇ ਸਤਿਗੁਰੂ ਦੇ ਦਰਸ਼ਨਾਂ ਨਾਲ ਰੱਜ ਨਹੀਂ ਸੀ ਰਿਹਾ। ਜਿਵੇਂ ਚਿਰਾਂ ਤੋਂ ਸ਼ਰਧਾਂ ਨੂੰ ਤਰਸਦੀ ਧਰਤੀ ਦਾ ਥੋੜੀ ਕਣੀਆਂ ਨਾਲ ਕੁਝ ਨਹੀਂ ਬਣਦਾ।

ਏਸ ਦੌਰਾਨ ਹੀ ਸੰਤ ਦਲੀਪ ਸਿੰਘ ਨਾਮਧਾਰੀ, ਸੂਬਾ ਹਰਭਜਨ ਸਿੰਘ ਜੀ ਲੁਧਿਆਣੇ ਤੋਂ ਤੇ ਵਰਿਆਮ ਸਿੰਘ ਜੀ ਜਗਦੀਸ਼ (ਮੈਂ ਉਹਨਾਂ ਨੂੰ ਏਸੇ ਤਰ੍ਹਾਂ ਹੀ ਸੱਦਦਾ ਹਾਂ, ਜਿਵੇਂ ਉਹਨਾਂ ਦੇ ਕੁੜਮ ਸਾਹਿਬ ਅਣਜਾਣ ਜੀ ਨੂੰ ਸੁਜਾਨ ਹੀ ਕਹਿੰਦਾ ਹਾਂ) ਨੇ ਆਣ ਦਰਸ਼ਨ ਦਿਤੇ। ਮੇਲੇ ਦੀ ਰੌਣਕ ਹੋਰ ਵੱਧ ਗਈ।

ਉਪਰੰਤ ਰਾਗੀਆਂ ਦਾ ਦੀਵਾਨ ਸ਼ੁਰੂ ਹੋਇਆ। ਸ. ਬਲਵੰਤ ਸਿੰਘ, ਸ. ਸੁਖਦੇਵ ਸਿੰਘ, ਸ. ਮੋਹਨ ਸਿੰਘ ਤੇ ਤਬਲਾ ਵਾਦਕ ਤੇ ਹਰਪ੍ਰੀਤ ਸਿੰਘ ਸੋਨੂੰ, ਤੇ ਸਿਤਾਰ ਵਾਦਕ ਗੁਰਮੁਖ ਸਿੰਘ ਦੀਆਂ ਕੋਮਲ ਉਂਗਲਾਂ, ਦਿਲਰੁਬਾ ਸਿਤਾਰ ਅਤੇ ਤਬਲੇ ਤੇ ਫਿਰਦੀਆਂ ਤੇ ਇਕ ਵੈਰਾਗ ਮਈ ਸੰਗੀਤ ਫੈਲਣ ਲੱਗਾ।

ਸੱਚੇ ਪਾਤਸ਼ਾਹ ਤੋਂ ਵਰੋਸਾਏ ਇਹਨਾਂ ਰਾਗੀਆਂ ਨੇ ਸੰਗੀਤ ਦੀ ਜਾਣਕਾਰੀ ਨਾ ਰੱਖਣ ਵਾਲੇ ਮੇਰੇ ਜਿਹਿਆਂ ਨੂੰ ਵੀ ਮਜਬੂਰ ਕਰ ਦਿੱਤਾ ਮਸਤੀ ਤੇ ਝੂਮਣ ਲਈ। ਪੱਥਰ ਦਿਲਾਂ ਨੂੰ ਵੀ ਮੋਮ ਕਰ ਦੇਣ ਵਾਲੇ ਇਸ ਗੁਰਬਾਣੀ ਦੇ ਸੰਗੀਤ ਨੇ ਸਿੱਧ ਕਰ ਦਿੱਤਾ



Namdhari Elibrary NamdhariElibrary@gmail.com

ਕਿ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਦੀਆਂ ਤਾਨਾਂ ਸੁਣ ਕੇ ਗਊਆਂ ਕੋਲ ਆ ਜਾਣ ਵਾਲੀ ਗੱਲ ਬਿਲਕੁਲ ਸਹੀ ਹੈ।

ਪਿਛਲੇ ਪਹਿਰ ਦੇ ਸਜੇ ਇਸ ਰਾਗੀਆਂ ਦੇ ਦੀਵਾਨ ਦੀ ਅਰਦਾਸ ਵੀ ਸੰਤ ਦਰਸ਼ਨ ਸਿੰਘ ਜੀ ਨੇ ਹੀ ਕੀਤੀ। ਇਤਨੇ ਨੂੰ ਹਰਪਾਲ ਸਿੰਘ ਜੀ ਸੇਵਕ ਸਟੇਜ ਤੇ ਆਏ ਤੇ ਮਾਸਟਰ ਜੀ ਦੇ ਜੀਵਨ ਬਾਰੇ ਬੜੇ ਭਾਵੁਕ ਹੋ ਕੇ ਗੁੰਦਵੇਂ ਸ਼ਬਦਾਂ ਨਾਲ ਭਾਸ਼ਨ ਦਿਤੇ, ਕਲ੍ਹ ਦਾ ਪ੍ਰੋਗਰਾਮ ਦੱਸਿਆ। ਅਕਸਮਾਤ ਹੀ ਉਹਨਾਂ ਨੇ ਇਕ ਐਲਾਨ ਕੀਤਾ ਜਿਸਨੂੰ ਸੁਣ ਕੇ ਮੈਂ ਹੈਰਾਨ ਹੋ ਗਿਆ। ਕੰਨਾਂ ਤੇ ਇਤਬਾਰ ਨਹੀਂ ਸੀ ਆ ਰਿਹਾ। ਐਲਾਨ ਹੋਇਆ ਕਿ ਮਾਸਟਰ ਅਮਰੀਕ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਸਨਮਾਨਤ ਕਰਨ ਦੀ ਕਿਰਪਾਲਤਾ ਕਰਨਗੇ। ਸੁਣ ਕੇ, ਸੱਚ ਜਾਣਿਓ, ਮੇਰੀ ਹਾਲਤ ਉਸ ਇਨਸਾਨ ਵਰਗੀ ਸੀ ਜਿਸਨੇ ਅਖ਼ਬਾਰ ਵਿੱਚ ਕਰੋੜਾਂ ਦੀ ਆਪਣੀ ਲਾਟਰੀ ਦਾ ਨੰਬਰ ਪੜ੍ਹ ਲਿਆ ਹੋਵੇ। ਸੋਚ ਰਿਹਾ ਸਾਂ ਧੰਨ ਮੇਰਾ ਸਤਿਗੁਰੂ ਹੈ ਜੋ ਬਿਨਾਂ ਲਾਟਰੀ ਪਾਇਆਂ ਹੀ ਲਾਟਰੀ ਕੱਢ ਦੇਂਦਾ ਹੈ। ਮੈਂ ਸ਼ਾਇਦ ਇਹ ਕੁਝ ਨਾ ਝੱਲ ਸਕਦਾ ਜੇ ਹਜ਼ੂਰ ਦਾ ਹੱਥ ਮਿਹਰ ਭਰਿਆ ਮੇਰੇ ਅੰਦਰ ਨਾ ਹੁੰਦਾ। ਜਜ਼ਬਾਤ ਮੇਰੇ ਤੇ ਹਾਵੀ ਹੋ ਗਏ ਤੇ ਖ਼ੁਸ਼ੀ ਦੇ ਹੰਝੂ ਮੇਰੀਆਂ ਅੱਖਾਂ ਵਿਚੋਂ ਤ੍ਰਿਪ ਤ੍ਰਿਪ ਵਹਿ ਰਹੇ ਸਨ। ਹਰਪਾਲ ਜੀ ਨੇ ਮੈਨੂੰ ਇਸ਼ਾਰੇ ਨਾਲ ਸੱਦਿਆ ਤੇ ਮੈਂ ਧੜਕਦੇ ਮਨ ਨਾਲ ਸ੍ਰੀ ਹਜ਼ੂਰ ਨੂੰ ਮੱਥਾ ਟੇਕ ਕੇ ਖੜ੍ਹਾ ਹੋ ਗਿਆ। ਲੱਤਾਂ ਕੰਬ ਰਹੀਆਂ ਸਨ ਹੰਝੂ ਵਹਿ ਰਹੇ ਸਨ।

ਮੇਰੇ ਮਾਸ਼ੂਕ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਲਫ਼ਾਫੇ ਵਿੱਚ ਪਈ ਲੋਈ ਮੇਰੇ ਹੱਥਾਂ ਵਿੱਚ ਰੱਖ ਦਿੱਤੀ। ਮੇਰੇ ਹੱਥ ਏਸ ਸਨਮਾਨ ਦੇ ਭਾਰ ਨਾਲ ਨੀਵੇਂ ਹੋ ਗਏ। ਮੈਨੂੰ ਸੁਝ ਨਹੀਂ ਸੀ ਰਿਹਾ ਕਿ ਕੀ ਕਹਾਂ। ਬੱਸ ਅਣ-ਕਹੇ ਸ਼ਬਦਾਂ ਨਾਲ ਮੈਂ ਆਪਣੇ ਦਿਲਾਂ ਦੇ ਜਾਨੀ ਨੂੰ ਨਿਹਾਰਿਆ ਤੇ ਵਾਪਸ ਆਪਣੀ ਜਗ੍ਹਾ ਤੇ ਆ ਬੈਠਾ। ਬੈਠੇ ਬੈਠੇ ਮੈਨੂੰ ਇਕ ਲਤੀਫ਼ਾ ਯਾਦ ਆ ਰਿਹਾ ਸੀ—

ਇਕ ਇਸਤਰੀ ਦਾ ਪਤੀ ਗੁਜ਼ਰ ਗਿਆ। ਲੋਕ ਅਫਸੋਸ ਕਰਨ ਆਏ ਉਹ ਬੜੀ ਜ਼ਾਰੋ ਜ਼ਾਰ ਰੋ ਰਹੀ ਸੀ। ਲੋਕਾਂ ਉਹਨਾਂ ਨੂੰ ਬਹੁਤ ਤਸੱਲੀਆਂ ਦਿੱਤੀਆਂ। ਪਰ ਉਹ ਚੁਪ ਹੀ ਨਾ ਕਰੇ ਆਖ਼ਰ ਇਕ ਬਜ਼ੁਰਗ ਨੇ ਆਖਿਆ, "ਬਈ ਜੋ ਹੋਣਾ ਸੀ ਹੋ ਗਿਆ ਰੋਣਾ ਧੋਣਾ ਬੰਦ ਕਰੋ ਤੇ ਅੱਗੇ ਦੀ ਸੋਚੋ।"

ਇਸਤਰੀ ਰੋਂਦੀ ਹੋਈ ਬੋਲੀ, "ਬਜ਼ੁਰਗੋ ਮੈਨੂੰ ਮੇਰੇ ਪਤੀ ਦੇ ਜਾਣ ਦਾ ਹੀ ਗ਼ਮ ਤਾਂ ਬਹੁਤ ਹੈ। ਬਹੁਤ ਰੋਣਾਂ ਤਾ ਏਸ ਗੱਲ ਤੋਂ ਆ ਰਿਹਾ ਹੈ ਕਿ ਮੇਰਾ ਪਤੀ ਕਦੀ ਬਾਹਰ ਨਹੀਂ ਸੀ ਨਿਕਲਿਆ, ਕਿਸੇ ਪੰਚਾਇਤ ਵਿੱਚ ਨਹੀਂ ਸੀ ਗਿਆ। ਭਾਈਚਾਰੇ ਵਿੱਚ ਉਹਨੂੰ ਨਹੀਂ ਸੀ ਕੋਈ ਜਾਣਦਾ.....ਫੇਰ ਧਰਮ ਰਾਜ ਨੂੰ ਮੇਰਾ ਘਰ ਕਿਸਨੇ ਦੱਸ ਦਿੱਤਾ?"

ਤੇ ਮੈਂ ਇਹ ਲਤੀਫ਼ਾ ਆਪਣੇ ਤੇ ਲਾਗੂ ਹੁੰਦਾ ਮਹਿਸੂਸ ਰਿਹਾ ਸਾਂ। ਮੈਨੂੰ ਭਾਈ ਵੀਰ ਸਿੰਘ ਦੀ 'ਬਨਫ਼ਸ਼ੇ ਦੇ ਫੁੱਲ' ਵਾਲੀ ਕਵਿਤਾ ਯਾਦ ਆ ਰਹੀ ਸੀ। ਪਰ ਇਹ ਕਵਿਤਾ ਦੇ ਭਾਵ ਤੋਂ ਉਲਟ ਮੈਨੂੰ ਮੇਰੇ ਸੁੱਖਾਂ ਲਧੇ ਸਤਿਗੁਰੂ ਆਪਣੇ ਗਲ ਲਾ ਲਿਆ ਸੀ।

ਮੈਂ ਜਿਵੇਂ ਨੀਂਦਰੋਂ ਜਾਗਿਆ ਜਦੋਂ ਵਰਿਆਮ ਸੰਪਾਦਕ ਸ: ਜਗਦੀਸ਼ ਸਿੰਘ ਮਾ. ਨਿਹਾਲ ਸਿੰਘ ਹੁਰਾਂ ਬਾਰੇ ਬੜੇ ਮਧ ਭਰੇ ਸ਼ਬਦਾਂ ਵਿੱਚ ਆਪਣਾ ਭਾਸ਼ਣ ਦੇ ਰਹੇ ਸਨ। ਉਹਨਾਂ ਆਖਿਆ ਮਾਸਟਰ ਜੀ ਨਾਮਧਾਰੀਇਜ਼ਮ ਦੇ ਪ੍ਰਤੀਕ ਸਨ। ਉਹ ਬੁੱਢੇ ਹੁੰਦਿਆਂ ਵੀ ਜਵਾਨ ਸਨ। ਉਨ੍ਹਾਂ ਇਤਨਾ ਲਿਖਿਆ ਇਤਨਾ ਪੜ੍ਹਿਆ ਕਿ ਆਮ ਆਦਮੀ ਤਾਂ ਸੁਪਨਾ ਵੀ ਨਹੀਂ ਲੈ ਸਕਦਾ ਏਨਾ ਕੁਝ ਕਰਨ ਦਾ। 'ਤੇ ਸਤਿਗੁਰੂ ਜੀ ਨੇ ਉਹਨਾਂ ਦੀ ਅੰਤਮ ਮੰਗ ਵੀ ਪੂਰੀ ਕੀਤੀ—

"ਮਰਾਂ ਤਾਂ ਹਰ ਕੇ ਦੁਆਰ"

ਉਹਨਾਂ ਦੀ ਅੰਤਮ ਸੁਆਸ ਵੀ ਸਤਿਗੁਰੂ ਚਰਨਾਂ ਵਿੱਚ ਹੀ ਪੂਰੀ ਹੋਈ, ਕਿੰਨੇ ਮਹਾਨ ਸਨ ਉਹ। ਸਵੇਰੇ ਸੱਚੇ ਪਾਤਸ਼ਾਹਾਂ ਤੋਂ ਛੁੱਟੀ ਮੰਗ ਤੇ ਪਰਸ਼ਾਦ ਛਕਣ ਲੱਗਿਆਂ ਪਰਸ਼ਾਦ ਵੀ ਨਹੀਂ ਛਕਿਆ ਤੇ ਲੰਬੀ ਬਹੁਤ ਲੰਬੀ ਛੁੱਟੀ ਤੇ ਰਵਾਨਾ ਹੋ ਗਏ।

ਠੀਕ ਹੀ ਕਹਿ ਰਹੇ ਸਨ "ਵਰਿਆਮ ਜੀ"। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਮਾਸਟਰ ਜੀ ਦੀ ਪਤਨੀ ਵੀ ਗੁਰੂ ਚਰਨਾਂ ਵਿੱਚ ਹੀ ਸਵਰਗ ਸਿਧਾਰੇ ਸਨ। ਬੀਮਾਰ ਹੋ ਗਏ, ਪੁਤਰਾਂ ਇਲਾਜ ਕਰਾਇਆ, ਪਰ ਉਹ (ਪਤਨੀ) ਇਹ ਹੀ ਕਹਿੰਦੇ ਰਹੇ ਮੈਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਾਓ। ਮੈਂ ਸ੍ਰੀ ਭੈਣੀ ਸਾਹਿਬ ਹੀ ਅੰਤਮ ਸੁਆਸ ਲੈਣਾ ਹੈ ਤੇ ਉਹ (ਮਾਸਟਰ ਜੀ ਦੀ ਤਰਾਂ ਹੀ) ਸ੍ਰੀ ਭੈਣੀ ਸਾਹਿਬ ਗੁਰੂਦਰਸ਼ਨ ਕਰਕੇ ਹੀ ਪੂਰੇ ਹੋ ਗਏ।

ਵਰਿਆਮ ਜੀ ਦਾ ਭਾਸ਼ਨ ਖਤਮ ਹੋਇਆ ਸਵੇਰ ਦਾ ਪ੍ਰੋਗਰਾਮ ਹਰਪਾਲ ਜੀ ਨੇ ਦੱਸਿਆ। ਸ੍ਰੀ ਹਜ਼ੂਰ ਆਸਨ ਤੋਂ ਸਾਵਧਾਨ ਹੋ ਕੇ ਅੰਦਰ ਕੋਠੀ ਵਿੱਚ ਚਲੇ ਗਏ। ਪਰ ਸੰਗਤਾਂ ਦੀ ਨਜ਼ਰ ਉਹਨਾਂ ਦੀ ਜਾਂਦਿਆਂ ਦੀ ਪਿੱਠ ਨੂੰ ਹਾਲੇ ਵੀ ਨਿਹਾਰ ਰਹੀ ਸੀ। ਜਿਵੇਂ ਸਤਿਗੁਰੂ ਜੀ ਤੋਂ ਜੁਦਾ ਨਹੀਂ ਹੋਣਾ ਚਾਹੁੰਦੇ ਹੋਣ।

ਫ਼ੇਰ ਮਜਬੂਰਨ ਸੰਗਤ ਆਪੋ ਆਪਣੀਆਂ ਸਵਾਰੀਆਂ ਤੇ ਪੈਦਲ ਜਾਂ ਜਿਵੇਂ ਵੀ ਆਏ ਸਨ ਵਾਪਸ ਘਰਾਂ ਨੂੰ ਜਾ ਰਹੇ



Namdhari Elibrary NamdhariElibrary@gmail.com

ਸਨ। ਏਸ ਆਸ ਨਾਲ ਕਿ ਫੇਰ ਛੇਤੀ ਦਰਸ਼ਨ ਹੋਣ। ਮੈਂ ਵੀ ਆਪਣੇ ਪੋਤਰੇ ਅਮਨਦੀਪ ਸਿੰਘ ਦੇ ਨਾਲ ਲੰਗਰੋਂ ਗਰਮ ਗਰਮ ਪਰਸ਼ਾਦਾ ਤੇ ਕੜ੍ਹਾਹ ਪ੍ਰਸ਼ਾਦ ਛਕ ਕੇ ਸਤਿਗੁਰਾਂ ਦਾ ਧੰਨਵਾਦ ਕਰਦੇ ਹੋਏ ਨਾਲੀਓਂ (ਘਗਰ) (ਸੁਕੀ) ਲੰਘ ਕੇ ਅੰਮ੍ਰਿਤਸਰ ਕਲਾਂ ਵਿਚੋਂ (ਜੋ ਕਦੀ ਮੇਰਾ ਪਿੰਡ ਹੁੰਦਾ ਸੀ) ਐਲਨਾਬਾਦ ਆ ਗਿਆ।

ਸ. ਮਨਮੋਹਨ ਸਿੰਘ ਤੇ ਚਰਨਜੀਤ ਸਿੰਘ ਜੋ ਆਪਣੇ ਪਿਤਾ ਜੀ ਦੇ ਮੇਲੇ ਤੇ ਇਤਨੀ ਰੌਣਕ ਵੇਖ ਕੇ ਫੁੱਲੇ ਨਹੀਂ ਸਨ ਸਮਾ ਰਹੇ, ਨੂੰ ਆਉਂਦੀ ਵੇਰ ਨਾ ਮਿਲ ਸਕਿਆ। ਇਹ ਅਫਸੋਸ ਮਨ ਵਿੱਚ ਰਹੇਗਾ।

ਅਗਲੇ ਦਿਨ (੧੯-੧੧-੦੩) ਮੈਨੂੰ ਸਕੂਲੋਂ ਛੁਟੀ ਨਾ ਮਿਲ ਸਕੀ ਸੋ ਮੈਂ ਛੁੱਟੀ ਤੋਂ ਬਾਦ ਆਪਣੇ ਇਕ ਸਟੂਡੈਂਟ ਦੇ ਮੋਟਰ ਸਾਈਕਲ ਤੇ ੩ ਵਜੇ ਸ਼ਾਮ ਮਸਤਾਨਗੜ੍ਹ ਫੇਰ ਆਪਣੇ ਪਿਆਰੇ ਦੇ ਜਾ ਦਰਸ਼ਨ ਕੀਤੇ। ਰਾਗੀ ਸ਼ਬਦ ਪੜ੍ਹ ਰਹੇ ਸਨ ਆਪਣੀਆਂ ਮਿਠੀਆਂ ਸੁਰਾਂ ਵਿੱਚ। ਮੱਥਾ ਟੇਕਦਿਆਂ ਜੋਗਿੰਦਰ ਸਿੰਘ ਮੁਕਤਾ ਨੇ ਮੈਨੂੰ ਰਾਗੀਆਂ ਵਾਲੀ ਸਟੇਜ ਤੇ ਹੀ ਜਗ੍ਹਾ ਦੁਆ ਦਿੱਤੀ।

ਦੀਵਾਨ ਕੋਠੀ ਦੇ ਲਾਨ ਵਿੱਚ ਹੀ ਲਗਾ ਸੀ। ਪਤਾ ਲੱਗਾ ਕਿ ਸੰਗਤ ਬਹੁਤ ਹੋਣ ਕਰਕੇ ਗੁਰ ਹੁਕਮ ਅਨੁਸਾਰ ਸਤਿਗੁਰੂ ਆਸਨ ਏਥੇ ਹੀ ਸਜ ਗਿਆ ਸੀ। ਤੇ ਸੰਗਤ ਤਾਂ ਕਲ੍ਹ ਨਾਲੋਂ ਵੀ ਕਿਤੇ ਜ਼ਿਆਦਾ ਲਗ ਰਹੀ ਸੀ। ਕੋਠੀ ਦਾਲਾਨ-ਜਿਵੇਂ ਆਫਰਿਆ ਪਿਆ ਸੀ। ਘਾਹ ਦੇ ਮੈਦਾਨ ਵਿੱਚ ਸੰਗਤ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਹਰੀ ਭਰੀਆਂ-ਟਹਿਣੀਆਂ ਤੇ ਅਣਗਿਣਤ ਸਫ਼ੈਦ ਕਲੀਆਂ ਕੁਦਰਤ ਨੇ ਸਜਾ ਦਿੱਤੀਆਂ ਹੋਣ। ਕਿਆ ਦ੍ਰਿਸ਼ ਸੀ। ਕਾਸ਼ ਮੈਂ ਚਿੱਤਰਕਾਰ ਹੁੰਦਾ ਤੇ ਏਸ ਦ੍ਰਿਸ਼ ਨੂੰ ਪਰਦੇ ਤੇ ਅੰਕਿਤ ਕਰ ਸਕਦਾ। ਪਰ ਮਨ ਕੈਨਵੈਸ ਤੇ ਤਾਂ ਉਹ ਦ੍ਰਿਸ਼ ਅਮਿਟ ਹੈ। ਸੁਰੀਲੀਆਂ ਆਵਾਜ਼ਾਂ ਦੀ ਟੁਣਕਾਰ ਅਮੁਕ ਹੈ।

ਮੈਨੂੰ ਦੱਸਿਆ ਗਿਆ ਕਿ ਅੱਜ ਵੀ ਕਲ੍ਹ ਵਾਂਗ ਹੀ ਦੀਵਾਨ ਲੱਗੇ, ਸਤਿਗੁਰੂ ਦੇ ਗੁਣ-ਗਾਣ ਜਥੇਦਾਰਾਂ, ਕਵੀਸ਼ਰਾਂ ਤੇ ਪਰਚਾਰਕਾਂ ਨੇ ਕੀਤੇ। ਮੈਂ ਕਿੰਨਾ ਬਦਕਿਸਮਤ ਸਾਂ ਜੋ ਮੇਲਾ ਨਾਂ ਵੇਖ ਸਕਿਆ ਪਰ ਜਿਨਾਂ ਕੁ ਵੇਖਿਆ ਉਸ ਦਾ ਬਿਆਨ ਕਰਨਾ ਜਾਂ ਲਿਖਣਾ ਮੇਰੇ ਵੱਸੋਂ ਬਾਹਰ ਹੈ।

ਸੰਗਤ, ਜਿਸ ਨੂੰ ਕਿਸੇ ਜਾਦੂ ਕਰ ਦਿੱਤਾ ਹੋਵੇ, ਭਲਾ ਐਸਾ ਜਾਦੂ ਸੱਚੇ ਸਤਿਗੁਰੂ ਤੋਂ ਬਗੈਰ ਕੋਈ ਕਰ ਸਕਦਾ ਹੈ ? ਕੋਈ ਨਹੀਂ। ਸ਼ਬਦ ਦੀ ਅੰਤਲੀ ਪੰਗਤੀ ਰਾਗੀਆਂ ਨੇ ਪੜ੍ਹੀ ਤੇ ਸਮਝੋ ਦੀਵਾਨ ਦਾ ਭੋਗ ਪਿਆ। ਸੰਗਤ ਹਾਲੇ ਵੀ ਮਸਤੀ ਦੇ ਘੇਰੇ ਵਿੱਚੋਂ ਬਾਹਰ ਨਾ ਆ ਸਕੀ ਕਿ ਸੰਤ ਹਰਪਾਲ ਸਿੰਘ ਸਟੇਜ ਤੇ ਆਏ ਤਾਂ ਉਹਨਾਂ ਬੜੇ ਗੁੰਦਵੇਂ ਸ਼ਬਦਾਂ ਵਿੱਚ ਗੁਰ ਸਿੱਖ ਦੀ ਕਰਨੀ ਤੇ ਸਤਿਗੁਰ ਦੀ ਮਹਿਮਾ ਬਾਰੇ ਵਖਿਆਨ ਦਿੱਤਾ ਪਰ ਸੰਗਤ ਤਾਂ ਆਪਣੇ ਅਤੀ ਪਿਆਰੇ ਮਹਿਬੂਬ ਦੇ ਮੁਖਾਰਬਿੰਦ ਤੋਂ ਮਿਠੜੇ ਬੋਲ ਸੁਣਨ ਲਈ ਤਰਸ ਰਹੀ ਸੀ ਤੇ ਉਹ ਸੁਭਾਗੀ ਘੜੀ ਆਣ ਹੀ ਪਹੁੰਚੀ ਜਦੋਂ ਸੱਚੇ ਪਾਤਸ਼ਾਹਾਂ ਦੇ ਕਪੋਲਾਂ ਵਿਚੋਂ ਚਮੇਲੀ ਦੇ ਫੁੱਲ ਝੜਨ ਲੱਗੇ।

ਆਪ ਨੇ ਫੁਰਮਾਇਆ, "ਸਾਧ ਸੰਗਤ ਜੀ ਤੁਸਾਂ ਬਹੁਤ ਪਿਆਰ ਵਖਾਇਆ ਹੈ। ਮੈਂ ਸਾਧ ਸੰਗਤ ਦਾ ਧੰਨਵਾਦ ਕਰਦਾ ਹਾਂ (ਆਪੇ ਕਿਰਪਾ ਕਰਨ ਵਾਲਾ ਤੇ ਆਪੇ ਧੰਨਵਾਦ ਕਰਨ ਵਾਲਾ)। ਨਾਮਬਾਣੀ ਵੱਲ ਪੂਰਾ ਧਿਆਨ ਦਿਓ ਇਸ ਨੇ ਹੀ ਸਾਡਾ ਸਭ ਦਾ ਬੇੜਾ ਪਾਰ ਕਰਨਾ ਹੈ ? ਆਪਣੇ ਬਚਿਆਂ ਨੂੰ ਸਾਧ ਸੰਗਤ ਵਾਲੇ ਪਾਸੇ ਲਾਓ। ਇਹਨਾਂ ਨੂੰ ਪਿਆਰ ਨਾਲ ਸਿੱਖੀ ਵਾਲੇ ਪਾਸੇ ਲਾਈ ਰੱਖੋ, ਭਜਨ ਬਾਣੀ ਬਗੈਰ ਅਸੀਂ ਕਿਸੇ ਕੰਮ ਦੇ ਨਹੀਂ। ਇਹ ਰੌਣਕਾਂ ਇਹ ਮੇਲੇ ਤਾਂ ਹੀ ਸੋਭਦੇ ਹਨ ਜੇ ਆਪਾਂ ਸਿੱਖ ਬਣੇ ਰਹੀਏ ਤੇ ਆਪਣੀ ਔਲਾਦ ਨੂੰ ਵੀ ਪੂਰਨ ਨਾਮਧਾਰੀ ਬਣਾਈ ਰੱਖਣ ਲਈ ਜਤਨ ਕਰਦੇ ਰਹੀਏ।"

ਤੇ ਅੰਤ ਵਿੱਚ ਆਪ ਹਜ਼ੂਰ ਨੇ ਸੰਗਤ ਦਾ ਫੇਰ ਧੰਨਵਾਦ ਕੀਤਾ ਤੇ ਹੁਕਮ ਕੀਤਾ, "ਕੱਠੇ ਹੋਕੇ ਭਜਨ ਬਾਣੀ ਦਾ ਮਹੱਤਵ ਹੋਰ ਵੱਧ ਜਾਂਦਾ ਹੈ ਸੋ ਸਾਧ ਸੰਗਤ ਵਿਚ ਬੈਠ ਕੇ ਸਿਮਰਨ ਕਰਿਆ ਕਰੋ। ਕਲਿਜੁਗ ਵਿੱਚ ਸਿਮਰਨ ਨੇ ਹੀ ਸਾਡਾ ਸਹਾਈ ਹੋਣਾ ਹੈ। ਅੱਛਾ ਸਤਿ ਸ੍ਰੀ ਅਕਾਲ।"

ਉਪਰੰਤ ਮਾਸਟਰ ਦਰਸ਼ਨ ਸਿੰਘ ਹੁਰਾਂ ਅਰਦਾਸ ਕੀਤੀ, ਜੈਕਾਰੇ ਗਜਾਏ ਸੰਗਤ ਨੇ ਘਰਾਂ ਨੂੰ ਚਾਲੇ ਪਾਏ ਭਰਪੂਰ ਮਨਾਂ ਨਾਲ ਦਰਸ਼ਨਾਂ ਨਾਲ ਅੱਖਾਂ ਭਰਪੂਰ ਸਨ ਤੇ ਸਤਿਗੁਰੂ ਦੇ ਸ਼ੁਭ ਬਚਨਾਂ ਨਾਲ ਲਬਾ ਲਬ ਸਨ। ਸਰੀਰ ਸਰਸ਼ਾਰ ਹੋਇਆ ਪਿਆ ਸੀ ਜਿਵੇਂ ਬਾਕੀ ਕੋਈ ਚਾਹ ਹੀ ਨਾ ਰਹਿ ਗਈ ਹੋਵੇ।

ਮੈਂ ਵੀ ਨਿਰਾਲਾ ਪੂਰਨ ਸਿੰਘ ਜੀ ਦੇ ਭਤੀਜੇ ਦੀ ਕਾਰ ਤੇ ਬਹਿਕੇ ਸੰਤੁਸ਼ਟੀ ਦੀਆਂ ਪੰਡਾਂ ਸਿਰ ਤੇ ਚੁੱਕੀ ਐਲਨਾਬਾਦ ਨੂੰ ਤੁਰ ਪਿਆ ਆਪਣਾ ਇਕ ਸ਼ੇਅਰ ਮੂੰਹ ਵਿੱਚ ਗੁਣ ਗੁਣਾਂਦਾ ਹੋਇਆ :

ਮੋਹ ਭਰੀ ਤੱਕਣੀ ਜਾਂ ਤੱਕਿਆ ਆਪ ਨੇ,
ਦਿਲ ਦੀ ਹਰ ਨੁੱਕਰ ਮੁਨੱਵਰ ਹੋ ਗਈ।

ਤੇ ਫੇਰ........

ਆਉਣ ਤੋਂ ਪਹਿਲਾਂ ਵੀ ਮੰਦਾ ਹਾਲ ਸੀ।
ਤੁਰ ਗਏ ਉਸ ਤੋਂ ਵੀ ਭੈੜਾ ਹੋ ਗਿਆ।


Namdhari Elibrary NamdhariElibrary@gmail.com

# ਖ਼ਬਰਨਾਮਾ

## ਇੰਗਲੈਂਡ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਉਤਸਵ ਸੰਬੰਧੀ ਸੰਗੀਤ ਸੰਮੇਲਨ

*—ਹ. ਸ. ਕੰਵਲ*

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ੮੪ਵਾਂ ਪ੍ਰਕਾਸ਼ ਦਿਵਸ ਮਨਾਉਣ ਲਈ ਸੁਰਨਾਦ 'ਮਿਊਜ਼ਿਕ ਅਕੈਡਮੀ' ਦੇ ਮੁੱਖ ਸੰਚਾਲਕ ਸਰੋਦ ਨਵਾਜ਼ ਸ. ਗੁਰਦੇਵ ਸਿੰਘ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ੭ ਦਸੰਬਰ ੨੦੦੩ ਨੂੰ ਇਕ ਸ਼ਾਨਦਾਨ ਸੰਗੀਤ ਸੰਮੇਲਨ ਗਰੀਨਫੋਲਡ ਟਾਊਨ ਹਾਲ ਸਾਊਥਹਾਲ, ਲੰਡਨ ਵਿਖੇ ਆਯੋਜਿਤ ਕੀਤਾ ਗਿਆ।

ਅਕੈਡਮੀ ਦੇ ਵਿਦਿਆਰਥੀ ਕਲਾਕਾਰਾਂ ਨੇ ਦਿਲਰੁਬਾ, ਸਿਤਾਰ, ਤਾਰ ਸ਼ਹਿਨਾਈ ਤਾਊਸ ਅਤੇ ਸਰੋਦ ਨਾਲ ਤਬਲੇ ਦੀ ਥਾਪ ਵਿੱਚ ਪ੍ਰੋਗਰਾਮ ਦਾ ਸ੍ਰੀ ਗਣੇਸ਼ ਰਾਗ ਤਿਲਕ ਕਾਮੋਦ ਨਾਲ ਕੀਤਾ। ਇਨੇ ਸਾਜ਼ਾਂ ਦਾ ਸੁਮੇਲ ਕਰਨਾ ਬਹੁਤ ਹੀ ਕਠਨ ਹੁੰਦਾ ਹੈ, ਖਾਸ ਕਰਕੇ ਹਿੰਦੁਸਤਾਨੀ ਸਾਜ਼ਾਂ ਦਾ, ਪਰ ਇਨ੍ਹਾਂ ਹੋਣਹਾਰ ਬੱਚਿਆਂ ਦਾ ਕਮਾਲ ਦੇਖ ਕੇ ਅਤੇ ਸੁਣਕੇ ਸਰੋਤਿਆਂ ਦੇ ਦਿਲਾਂ ਵਿੱਚ ਇਹ ਜ਼ਰੂਰ ਆਇਆ ਹੋਵੇਗਾ ਕਿ ਜਿਸ ਦੀ ਸ਼ੁਰੂਆਤ ਇਤਨੀ ਖ਼ੂਬਸੂਰਤ ਅਤੇ ਰਸਮਈ ਹੈ ਉਸਦਾ ਬਾਕੀ ਦਾ ਪ੍ਰੋਗਰਾਮ ਕਿਸ ਸਟੈਂਡਰਡ ਦਾ ਹੋਵੇਗਾ।

ਤਾਰ ਸ਼ਹਿਨਾਈ ਇਕ ਬਹੁਤ ਹੀ ਰਸੀਲਾ ਸਾਜ਼ ਹੈ ਜਿਸਦੀ ਆਵਾਜ਼ ਸ਼ਹਿਨਾਈ ਵਰਗੀ ਹੁੰਦੀ ਹੈ ਪਰ ਜਿਥੇ ਸ਼ਹਿਨਾਈ ਮੂੰਹ ਨਾਲ ਵਜਾਈ ਜਾਂਦੀ ਹੈ ਉਥੇ ਤਾਰ ਸ਼ਹਿਨਾਈ ਗਜ਼ ਨਾਲ ਵਜਾਈ ਜਾਂਦੀ ਹੈ। ਇਸ ਮਨਮੋਹਕ ਸਾਜ਼ ਨੂੰ ਵਜਾਉਣ ਆਏ ਦੋ ਯੁਵਕ ਕਲਾਕਾਰ, ਗੁਰਬਖਸ਼ ਸਿੰਘ ਅਤੇ ਕਿਰਪਾਲ ਸਿੰਘ ਨੇ ਰਾਗ ਬਿਹਾਗ ਵਿੱਚ ਯੁਗਲਬੰਦੀ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿਤਾ। ਇਨ੍ਹਾਂ ਨਾਲ ਤਬਲੇ ਤੇ ਸਾਥ ਦੇ ਰਹੇ ਸਨ ਸੁਖਵਿੰਦਰ ਸਿੰਘ ਪਿੰਕੀ ਦੇ ਲਾਇਕ ਸ਼ਾਗਿਰਦ ਨਵਿੰਦਰਪਾਲ ਸਿੰਘ ਜੋ ਆਪਣੇ ਉਸਤਾਦ ਦੇ ਨਕਸ਼ੇ ਕਦਮ ਤੇ ਚਲਦੇ ਹੋਏ ਉਨ੍ਹਾਂ ਦਾ ਨਾਮ ਰੋਸ਼ਨ ਕਰ ਰਹੇ ਹਨ।

ਤਾਰ ਸ਼ਹਿਨਾਈ ਦੀਆਂ ਮਧੁਰ ਧੁਨਾਂ ਤੋਂ ਬਾਅਦ ਰਾਗ ਦੇਸ ਦਾ ਨਿਰਮਾਣ ਹੋਇਆ ਜੋ ਕਿ ਬੀਬੀ ਪਵਨਜੀਤ ਕੌਰ ਨੇ ਆਪਣੀ ਰਸਭਰੀ ਆਵਾਜ਼ਾਂ ਵਿੱਚ ਸੁਣਾਇਆ। ਇਹ ਬੀਬੀ ਸ੍ਰੀ ਉਸਤਾਦ ਹਰਭਜਨ ਸਿੰਘ ਦੀ ਹੋਣਹਾਰ ਸਪੁੱਤਰੀ ਹੈ ਅਤੇ ਉਸਤਾਦ ਜੀ ਨੇ ਇਸਨੂੰ ਸੰਗੀਤ ਵਿੱਚ ਪ੍ਰਵੀਨ ਕਰਨ ਲਈ ਕੋਈ ਕਸਰ ਨਹੀਂ ਛੱਡੀ। ਰਾਗ ਦੇਸ ਇਕ ਬਹੁਤ ਹੀ ਪਿਆਰਾ ਰਾਗ ਹੈ ਜਿਸਨੂੰ ਪਵਨਜੀਤ ਨੇ ਬਾਖੂਬੀ ਸੁਣਾਕੇ ਸਰੋਤਿਆਂ ਦੇ ਦਿਲਾਂ ਨੂੰ ਜਿੱਤ ਲਿਆ।

ਇਸ ਤੋਂ ਬਾਅਦ ਸਟੇਜ ਤੇ ਦੋ ਬੱਚੇ ਆਏ ਜੋ ਕਿ ਸਿਤਾਰ ਨਿਵਾਜ਼ ਧਰਮਬੀਰ ਸਿੰਘ ਦੇ ਪੁੱਤਰ ਹਨ। ਸੰਤੂਰ ਉਤੇ ਕਵੀਰਾਜ ਸਿੰਘ ਜੋ ਕਿ ਸ੍ਰੀ ਹਰਜਿੰਦਰਪਾਲ ਸਿੰਘ ਦਾ ਸ਼ਾਗਿਰਦ ਹੈ ਅਤੇ ਉਸਦਾ ਵਡਾ ਭਰਾ ਉਪਨੀਤ ਸਿੰਘ ਜੋ ਤਬਲੇ ਉਤੇ ਸੰਗਤ ਕਰ ਰਿਹਾ ਸੀ, ਸ੍ਰੀ ਸ਼ਾਰਦਾ ਸਹਾਏ ਬਨਾਰਸ ਵਾਲਿਆਂ ਦਾ ਸ਼ਾਗਿਰਦ ਹੈ, ਇਨ੍ਹਾਂ ਨੇ ਰਾਗ ਯਮਨ ਵਜਾਕੇ ਸਰੋਤਿਆਂ ਤੋਂ ਨਾਮਣਾ ਖਟਿਆ।

ਇਸ ਸਮਾਰੋਹ ਵਿੱਚ ਇਕ ਹੋਰ ਨਵੀਂ ਗਾਇਕਾ ਨੂੰ ਸੁਣਨ ਦਾ ਅਵਸਰ ਮਿਲਿਆ। ਪਰਵੀਨ ਸੁਲਤਾਨਾਂ ਦੀ ਸ਼ਾਗਿਰਦਾ ਨੀਨਾ ਬਰਮੀ ਨੇ ਜਦੋਂ ਭੀਮ ਪਲਾਸੀ ਦਾ ਅਲਾਪ ਸ਼ੁਰੂ ਕੀਤਾ ਤਾਂ ਇਕ ਦਮ ਹੀ ਸੁਲਝੇ ਹੋਏ ਕਲਾਕਾਰ ਦਾ ਅਕਸ ਪਿਆ। ਇਸ ਤੋਂ ਬਾਦ ਇਸਨੇ ਮਿਸ਼ਰ ਪੀਲੂ ਵਿੱਚ ਠੁਮਰੀ ਪੇਸ਼ ਕੀਤੀ। ਤਿਨਾਂ ਸਪਤਕਾਂ ਵਿੱਚ ਨੀਨਾ ਦੀ ਅਵਾਜ਼ ਗੂੰਜੀ ਜਿਸ ਨਾਲ ਹਾਲ ਵੀ ਗੂੰਜਣ ਲੱਗ ਪਿਆ। ਕਮਾਲ ਦੀ ਗਾਇਕਾ ਹੈ ਅਤੇ ਭਵਿੱਸ਼ ਵਿੱਚ ਜ਼ਰੂਰ ਇਸਦਾ ਨਾਮ ਰੋਸ਼ਨ ਹੋਵੇਗਾ।

ਪ੍ਰੋਗਰਾਮ ਦੇ ਮਧਿਆਂਤਰ, ਵਿੱਚ ਲਜ਼ੀਜ਼ ਖਾਨਾ ਪਰੋਸਿਆ ਗਿਆ ਸੀ। ਇਸ ਤੋਂ ਬਾਅਦ ਸਟੇਜ ਉਤੇ ਆਏ ਸ੍ਰੀ ਗੁਰਦੇਵ ਸਿੰਘ ਜੀ ਆਪਣੀ ਸਰੋਦ ਲੈਕੇ ਅਤੇ ਤਬਲੇ ਤੇ ਇਨ੍ਹਾਂ ਦੇ ਨਾਲ ਸੰਗਤ ਕਰਨ ਆਏ ਸ਼ਾਹਬਾਜ਼ ਖਾਨ। ਗੁਰਦੇਵ ਨੇ ਰਾਗ ਦਰਬਾਰੀ ਦੇ ਜਦੋਂ ਸੁਰ ਛੇੜੇ ਤਾਂ ਮਾਨੋ ਅਕਬਰ ਦੇ ਦਰਬਾਰ ਵਿੱਚ ਤਾਨਸੈਨ ਦੀ ਆਮਦ ਹੋਈ ਅਤੇ ਜਿਵੇਂ ਉਸ ਵੇਲੇ ਸੰਗੀਤ ਪਰੇਮੀਆਂ ਦਾ ਹਾਲ ਹੋਵੇਗਾ ਉਸੇ ਹੀ ਤਰ੍ਹਾਂ ਅੱਜ ਵੀ ਸਰੋਤੇ ਖੁਸ਼ੀ ਵਿੱਚ ਝੂਮ ਉੱਠੇ ਅਤੇ ਵਾਹ ਵਾਹ ਨਾਲ ਹਾਲ ਗੂੰਜ ਉਠਿਆ।

ਦੁਪਹਿਰ ਦੇ ਸਾਢੇ ਚਾਰ ਵਜੇ ਤੋਂ ਹੁਣ ਤੱਕ ਦਸ ਵੱਜ ਚੁੱਕੇ ਸਨ ਅਤੇ ਕੋਈ ਵੀ ਸਰੋਤਾ ਆਪਣੀ ਜਗ੍ਹਾ ਤੋਂ ਹਿਲ ਨਹੀਂ ਸੀ ਰਿਹਾ, ਹੁਣ ਸਟੇਜ ਤੇ ਆਏ ਗੁੰਡੇਚਾ ਬੰਧੂ, ਜੋ ਕਿ ਇਸ ਵੇਲੇ ਦੁਨੀਆ ਦੇ ਸਭ ਤੋਂ ਮਕਬੂਲ ਧਰੁਪਦ ਦੇ ਗਵੱਈਏ ਹਨ। ਧਰੁਪਦ ਦੀ ਗਾਇਕੀ ਸੰਗੀਤ ਜਗਤ ਵਿੱਚ ਇਕ ਖਾਸ ਹੀ ਅਹਿਮੀਅਤ ਰੱਖਦੀ ਹੈ ਅਤੇ ਗਾਇਕੀ ਦੇ ਬਹੁਤ ਹੀ ਘੱਟ ਕਲਾਕਾਰ ਹਨ। ਡਾਗਰ ਬੰਧੂਆਂ ਤੋਂ ਬਾਅਦ ਅੱਜ ਕੱਲ ਗੁੰਡੇਚਾ ਭਰਾਵਾਂ ਦਾ ਹੀ ਭਾਰਤ ਵਿੱਚ ਨਾਮਣਾ ਹੈ। ਆਪ ਜੀ ਨੇ ਰਾਗ ਜੋਗ ਧਰੁਪਦ ਵਿੱਚ ਜਦੋਂ ਸ਼ੁਰੂ ਕੀਤਾ ਤਾਂ ਜੋ



Namdhari Elibrary NamdhariElibrary@gmail.com

ਸਰੋਤਿਆਂ ਤੇ ਅਸਰ ਹੋਇਆ ਉਹ ਕਥਨੀ ਤੋਂ ਬਾਹਰ ਹੈ, ਕਿਉਂਕਿ ਸਾਰਿਆਂ ਨੇ ਇਸ ਤਰ੍ਹਾਂ ਦੀ ਗਾਇਕੀ ਸ਼ਾਇਦ ਹੀ ਕਦੀ ਸੁਣੀ ਹੋਵੇਗੀ। ਪਖਾਵਜ ਉਤੇ ਊਧਵ ਰਾਓ ਸ਼ਿੰਦੇ ਨੇ ਸਾਥ ਦਿਤਾ ਜਿਸਦਾ ਕਮਾਲ ਅਤੇ ਹੁਨਰ ਨੂੰ ਕਿਸੇ ਨਾਲ ਸਮਰੂਪਤਾ ਦੇਣੀ ਨਾਮੁਮਕਿਨ ਹੈ। ਧਰੁਪਦ ਗਾਇਕੀ ਵਿੱਚ ਹਮੇਸ਼ਾ ਇਸੇ ਹੀ ਸਾਜ਼ ਦਾ ਇਸਤੇਮਾਲ ਹੁੰਦਾ ਹੈ। ਦੂਸਰੀ ਆਈਟਮ ਆਪ ਜੀ ਨੇ ਜੋ ਪੇਸ਼ ਕੀਤੀ ਉਹ ਸੀ ਇਕ ਭਜਨ ਜੋ ਰਾਗ ਚਾਰੂਕੇਸ਼ੀ ਅਤੇ ਤਾਲ ਸੂਲ ਫਾਕਤਾ ਵਿੱਚ ਸੀ। ਇਸ ਬੇਮਿਸਾਲ ਅਤੇ ਸ਼ਾਨਦਾਰ ਭਜਨ ਨੇ ਸਭ ਸਰੋਤਿਆਂ ਦੇ ਮਨਾਂ ਨੂੰ ਮੋਹ ਲਿਆ ਅਤੇ ਜਿਤਨਾ ਇਹ ਭਰਾਵਾਂ ਦੀ ਪ੍ਰਸੰਸਾ ਤਾੜੀਆਂ ਅਤੇ ਵਾਹ ਵਾਹ ਦੁਆਰਾ ਹੋਈ ਉਹ ਪਹਿਲਾਂ ਕਦੇ ਵੇਖਣ ਵਿੱਚ ਨਹੀਂ ਸੀ ਆਈ।

ਇਥੇ ਇਹ ਗੱਲ ਮੈਂ ਜ਼ਰੂਰ ਦੱਸ ਦੇਣੀ ਚਾਹੁੰਦਾ ਹਾਂ ਕਿ ਜੋ 'ਸੁਰ ਨਾਦ ਅਕੈਡਮੀ' ਨੇ ਹਿੰਦੁਸਤਾਨ ਦੇ ਉੱਘੇ ਅਤੇ ਮਹਾਨ ਕਲਾਕਾਰਾਂ ਦੇ ਨਾਲ ਨਾਲ ਨਵੇਂ ਕਲਾਕਾਰਾਂ ਨੂੰ ਸਟੇਜ ਉਤੇ ਪੇਸ਼ ਕਰਨ ਨਾਲ ਜਿਥੇ ਕਲਾਕਾਰਾਂ ਨੂੰ ਉਤਸ਼ਾਹਿਤ ਕੀਤਾ ਹੈ ਉਥੇ ਸਰੋਤਿਆਂ ਨੂੰ ਵੀ ਕਈ ਨਵੇਂ ਕਲਾਕਾਰਾਂ ਨੂੰ ਸੁਣਨ ਅਤੇ ਦੇਖਣ ਦਾ ਸੁਨਹਿਰੀ ਅਵਸਰ ਪ੍ਰਦਾਨ ਕੀਤਾ ਹੈ। ਇਸ ਲਈ ਅਸੀਂ 'ਸੁਰ ਨਾਦ' ਦੇ ਬਹੁਤ ਹੀ ਅਭਾਰੀ ਹਾਂ ਜਿਸਨੇ ਆਪਣਾ 'ਸੁਰ' ਅਵਾਮ ਦੇ 'ਸੁਰ' ਨਾਲ ਮਿਲਾਇਆ ਹੈ।

ਇਸ ਸਾਰੇ ਪ੍ਰੋਗਰਾਮ ਦੇ ਮੰਚ ਸੰਚਾਲਕ ਸਨ ਸ੍ਰੀ ਚਮਨ ਲਾਲ ਜੀ ਚਮਨ, ਜੋ ਕਿ ਇਕ ਰੇਡੀਓ ਅਤੇ ਟੀਵੀ ਬਰਾਡਕਾਸਟਰ ਦੇ ਨਾਲ ਨਾਲ ਇਕ ਬਹੁਤ ਉੱਘੇ ਸ਼ਾਇਰ ਵੀ ਹਨ। ਆਪ ਜੀ ਨੇ ਬੜੀ ਹੀ ਨਿਪੁੰਨਤਾ ਨਾਲ ਸਟੇਜ ਦੀ ਸੇਵਾ ਨਿਭਾਈ। ਸ੍ਰੀ ਸਤਿਗੁਰੂ ਜੀ ਦੇ ਪ੍ਰਕਾਸ਼ ਉਤੇ ਆਪ ਦੀ ਨੇ ਇਕ ਰੁਬਾਈ ਪੇਸ਼ ਕੀਤੀ ਜੋ ਬਹੁਤ ਹੀ ਸਲਾਹੀ ਗਈ। ਅਸੀਂ ਇਸਨੂੰ ਮਾਣ ਨਾਲ ਆਖੀਰ ਵਿੱਚ ਪੇਸ਼ ਕਰਦੇ ਹਾਂ।

ਨਾਦ ਅਕੈਡਮੀ ਨੇ ਕੀਤਾ ਹੈ, ਸੁਰ ਉਤਸਵ ਸੰਗੀਤ,
ਸੱਤ ਸੁਰਾਂ ਦੀ ਮਾਲਾ ਦੇ ਵਿੱਚ, ਗੁੰਦੀ ਆਪਣੀ ਪ੍ਰੀਤ,
ਲੰਡਨ ਤੋਂ ਭੈਣੀ ਤੱਕ ਗੂੰਜੇ ਗੁਰ ਮਹਿਮਾਂ ਦੇ ਗੀਤ,
"ਨਾਦ ਬ੍ਰਹਮ ਹੈ" ਕਹਿੰਦੇ ਸੱਚੇ ਸਤਿਗੁਰ ਜੀ ਜਗਜੀਤ।

## ਬੀਬੀ ਪ੍ਰੀਤਮ ਕੌਰ (ਪਤਨੀ ਜਥੇਦਾਰ ਸੇਵਾ ਸਿੰਘ ਜੀ)

ਅੱਜ ਜਦੋਂ ਇਕ ਸਨਮਾਨ ਯੋਗ ਮਾਤਾ ਨੂੰ ਯਾਦ ਕਰਦਿਆਂ, ਉਸ ਮਾਤਾ ਪ੍ਰੀਤਮ ਕੌਰ ਵਾਸਤੇ ਸ਼ਰਧਾ ਦੇ ਕੁੱਝ ਸ਼ਬਦ ਲਿਖਣੇ ਚਾਹੇ ਤਾਂ, ਸਾਹਮਣੇ ਆ ਗਈ ਉਸ ਸੁਚੱਜੀ ਸਿਆਣੀ ਮਾਂ ਦੀ ਤਸਵੀਰ, ਜਿਸ ਮਾਂ ਨੂੰ ਮਿਲਕੇ ਇਕ ਸੰਪੂਰਨ ਮਾਤਾ ਦਾ ਰੂਪ ਸਕਾਰਥ ਹੁੰਦਾ ਸੀ। ਜੀ ਹਾਂ, ਇਹ ਸਨ ਬੀਬੀ ਪ੍ਰੀਤਮ ਕੌਰ ਜੀ, ਸਾਡੇ ਸ਼ਰੋਮਣੀ ਜਥੇਦਾਰ ਸੰਤ ਸੇਵਾ ਸਿੰਘ ਜੀ ਦੀ ਧਰਮ ਪਤਨੀ ਜੋ ਪਿਛਲੇ ਦਿਨੀਂ (੧੪.੧੦.੨੦੦੩ ਨੂੰ) ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਬੀਬੀ ਪ੍ਰੀਤਮ ਕੌਰ ਜੀ ਪਿੰਡ ਵਿੰਝਲ ਜੋ ਹੁਣ ਪਾਕਿਸਤਾਨ ਵਿੱਚ ਹੈ, ਦੇ ਨਿਵਾਸੀ ਸੰਤ ਵਧਾਵਾ ਸਿੰਘ ਜੀ ਅਤੇ ਮਾਤਾ ਤੇਜ ਕੌਰ ਜੀ ਦੇ ਘਰ ਵਿੱਚ ਜਨਮੇ ਸਨ। ਬੀਬੀ ਜੀ ਦੇ ਭਰਾ ਜਥੇਦਾਰ ਗੁਰਦੀਪ ਸਿੰਘ ਜੀ ਵੀ ਬਹੁਤ ਵਧੀਆਂ ਜਥੇਦਾਰ ਸਨ ਅਤੇ ਬਹੁਤ ਚੰਗੇ ਇਨਸਾਨ ਸਨ। ਬੀਬੀ ਜੀ ਚਾਰ ਭੈਣਾਂ ਸਨ। ਆਪ ਜੀ ਦੀ ਨਾਮਧਾਰੀ ਸਮਾਜ ਦੇ ਮੰਨੇ ਪ੍ਰਮੰਨੇ ਪਰੀਵਾਰਾਂ ਨਾਲ ਨੇੜੇ ਦੀ ਰਿਸ਼ਤੇਦਾਰੀ ਸੀ। ਬੀਬੀ ਜੀ ਦੀ ਮਾਤਾ ਨੇ ਆਪ ਨੂੰ ਚੰਗੀ ਸਿਖਿਆ ਦੇ ਕੇ ਪਾਲਿਆ; ਘਰ ਦੇ ਕੰਮ ਕਾਰ ਵਿੱਚ ਨਿਪੁੰਨ ਕੀਤਾ; ਭਜਨ ਬਾਣੀ ਕਰਨਾ ਅਤੇ ਸਤਿਗੁਰ ਤੇ ਭਰੋਸਾ ਰਖਣਾ ਸਿਖਾਇਆ; ਲੰਬੀ ਉਚੀ ਸੋਹਣੀ ਸੁਨੱਖੀ ਧੀ ਨੂੰ ਪਾਲਕੇ ਧੁਰੋਂ ਲਿਖੇ ਸੰਜੋਗ ਅਨੁਸਾਰ ਜਥੇਦਾਰ ਸੇਵਾ ਸਿੰਘ ਜੀ ਨਾਲ ਆਨੰਦ ਕਾਰਜ ਕਰ ਦਿਤਾ।

ਜਥੇਦਾਰ ਜੀ, ਸੰਤ ਬੂੜ ਸਿੰਘ ਜੀ ਅਤੇ ਮਾਤਾ ਪ੍ਰਤਾਪ ਕੌਰ ਜੀ ਦੇ ਹੋਣਹਾਰ ਸਪੁਤਰ ਹਨ। ਸੰਤ ਬੂੜ ਸਿੰਘ ਜੀ ਭਜਨ ਬੰਦਗੀ ਅਤੇ ਸੋਧ ਮਰਿਯਾਦਾ ਦੇ ਪੱਕੇ ਧਾਰਨੀ ਸਨ। ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਭਉਰੇ ਸੱਚੇ ਸੇਵਕ ਸਨ। ਬੀਬੀ ਪ੍ਰੀਤਮ ਕੌਰ ਜੀ ਦੀ ਸੱਸ ਮਾਤਾ ਪ੍ਰਤਾਪ ਕੌਰ ਜੀ ਸਰੀਰੋਂ ਢਿਲੇ ਰਹਿੰਦੇ ਸਨ। ਸੋ ਬੀਬੀ ਪ੍ਰੀਤਮ ਕੌਰ ਜੀ ਨੇ ਸਹੁਰੇ ਘਰ ਆਉਂਦਿਆਂ ਹੀ ਸਾਰੇ ਘਰ ਦੀਆਂ ਜੁੰਮੇਵਾਰੀਆਂ ਸਾਂਭ ਲਈਆਂ ਸਨ। ਬੀਬੀ ਜੀ ਨੇ ਬਹੁਤ ਸਾਲ ਤਕ ਆਪਣੇ ਸੱਸ ਮਾਂ ਦੀ ਸੇਵਾ ਖਿੜੇ ਮਥੇ ਕੀਤੀ ਸੀ ਅਤੇ ਅਸੀਸਾਂ ਨਾਲ ਝੋਲੀਆਂ ਭਰਾਈਆਂ ਸਨ। ਬੀਬੀ ਜੀ ਦਾ ਕਹਿਣਾ ਸੀ ਅੱਜ ਜੋ ਵੀ ਸੁਖ ਮਿਲੇ ਨੇ ਸਭ ਉਹਨਾਂ ਅਸੀਸਾਂ ਸਦਕਾ ਹੀ ਹਨ। ਬੀਬੀ ਜੀ ਬੜੇ ਉਚੇ ਵਿਚਾਰਾਂ ਵਾਲੇ ਅਤੇ ਠੰਡੇ ਸੁਭਾ ਵਾਲੇ ਸਨ।

ਜਥੇਦਾਰ ਸੇਵਾ ਸਿੰਘ ਜੀ ਆਪਣੇ ਪਿਤਾ ਜੀ ਨਾਲ ਸੰਗਤ ਵਿਚ ਜਾਂਦੇ ਹੁੰਦੇ ਸਨ। ਇਕ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹਨਾਂ ਕੋਲੋਂ ਸ਼ਬਦ ਸੁਣ ਬਚਨ ਕੀਤਾ ਸੀ, "ਬੜੇ ਸੋਹਣੇ ਸ਼ਬਦ ਪੜ੍ਹ ਲੈਂਦੇ ਓ!" ਬੱਸ ਹੁਣ ਅਤਿਅੰਤ ਕ੍ਰਿਪਾ ਹੋ ਗਈ ਤੇ ਜਥੇਦਾਰ ਜੀ ਬਹੁਤ ਵਡੇ ਜਥੇਦਾਰ ਬਣ ਗਏ। ਕ੍ਰਿਪਾ ਸਤਗੁਰਾਂ ਦੀ ਅਪਾਰ ਹੋ ਗਈ। ਬੀਬੀ ਪ੍ਰੀਤਮ ਕੌਰ ਜੀ ਬਹੁਤ ਹੀ ਸਿਆਣੇ ਸਨ। ਉਹ ਜਥੇਦਾਰ ਹੁਰਾਂ ਦੀ ਹਰ ਇਕ ਜ਼ਰੂਰਤ ਦਾ ਧਿਆਨ ਰਖਦੇ ਸਨ। ਕਦੋਂ ਕਿਸ ਚੀਜ਼ ਦੀ ਲੋੜ ਹੈ, ਠੰਡੇ ਗਰਮ ਜਲ ਦੀ, ਕੱਪੜੇ ਦੀ, ਪ੍ਰਸ਼ਾਦੇ ਦੀ ਜਾਂ ਅਰਾਮ ਦੀ ਜ਼ਰੂਰਤ ਹੈ ; ਇਹ ਸਭ ਜਾਣਦੇ ਸਨ ਬੀਬੀ ਜੀ। ਬੀਬੀ ਜੀ ਨੇ ਕਦੀ ਵੀ ਸੰਸਾਰਕ ਪਦਾਰਥਾਂ ਦੀ ਭੁੱਖ


Namdhari Elibrary NamdhariElibrary@gmail.com

ਨਹੀਂ ਸੀ ਰੱਖੀ। ਲੋਭ ਲਾਲਚ ਕਦੀ ਨਹੀਂ ਸੀ ਕੀਤਾ। ਜੇ ਥੋੜ੍ਹਾ ਸੀ ਤਾਂ ਰੌਲਾ ਨਹੀਂ ਪਾਇਆ ਜੇ ਬਹੁਤ ਮਿਲਿਆ ਤਾਂ ਮਾਣ ਨਹੀਂ ਕੀਤਾ—ਸਗੋਂ ਸਤਿਗੁਰਾਂ ਵਲੋਂ ਮਿਲੀਆਂ ਦਾਤਾਂ ਵਿਚੋਂ ਪੁੰਨ ਦਾਨ ਕਰਦੇ ਰਹਿੰਦੇ। ਬੀਬੀ ਜੀ ਬਹੁਤ ਸੁਲਝੇ ਹੋਏ ਅਤੇ ਉਚੇ ਵਿਚਾਰਾਂ ਵਾਲੇ ਸਨ, ਸਾਫ ਸੁਥਰੇ ਕਪੜੇ ਪਉਣੇ ਅਤੇ ਘਰ ਵੀ ਸਾਫ ਸੁਥਰਾ ਰਖਣਾ ਉਹਨਾਂ ਦੇ ਸੁਭਾ ਦਾ ਹਿੱਸਾ ਸੀ।

ਬਹੁਤ ਬੋਲਣਾ ਅਤੇ ਬਹੁਤਾ ਘਰੋਂ ਬਾਹਰ ਵਿਰਨਾ ਉਹ ਪਸੰਦ ਨਹੀਂ ਸਨ ਕਰਦੇ, ਬਹੁਤ ਉਚਾ ਸੋਚਦੇ, ਖਾਸ ਕਰਕੇ ਅੱਜ ਦੀ ਨੌਜਵਾਨ ਪੀੜ੍ਹੀ ਵਾਸਤੇ। ਉਹਨਾਂ ਦਾ ਕਹਿਣਾ ਸੀ ਬੱਚੀਆਂ ਨੂੰ ਉੱਚ ਸਿੱਖਿਆ ਦੇ ਨਾਲ-ਨਾਲ ਘਰ ਦੇ ਕੰਮ ਵਿੱਚ ਵੀ ਨਿਪੁੰਨ ਹੋਣਾ ਚਾਹੀਦਾ ਹੈ। ਬੀਬੀ ਜੀ ਨੇ ਆਪਣੇ ਬੱਚਿਆਂ ਨੂੰ ਸੋਹਣੀ ਤਰ੍ਹਾਂ ਵਿਚਰਨ ਦੀ ਜਾਚ ਸਿਖਾਈ। ਆਪ ਦੇ ਬੱਚੇ ਜਿਥੇ ਆਰਥਕ ਪੱਖੋਂ ਬਹੁਤ ਸੌਖੇ ਹਨ ਉਥੇ ਸਤਿਗੁਰੂ ਜੀ ਨਾਲ ਵੀ ਪੂਰੀ ਪ੍ਰੀਤ ਨਿਭਾਉਂਦੇ ਹਨ। ਬੀਬੀ ਜੀ ਨੂੰ ਅੱਜ ਤੋਂ ਕਰੀਬ ੨੫ ਕੁ ਸਾਲ ਪਹਿਲਾਂ ਆਪਣੀ ਪਿਆਰੀ ਬੇਟੀ ਸਿੰਦਰ ਦੇ ਅਕਾਲ ਚਲਾਣੇ ਦਾ ਦੁੱਖ ਸਹਿਣਾ ਪਿਆ ਸੀ। ਬੀਬੀ ਜੀ ਨੇ ਸਤਿਗੁਰੂ ਦੀ ਰਜ਼ਾ ਵਿੱਚ ਰਹਿ ਕੇ ਭਾਣਾ ਮੰਨਿਆ ਸੀ। ਬੀਬੀ ਜੀ ਦੀ ਨਿੱਕੀ ਪਰ ਹੋਣਹਾਰ ਬੇਟੀ ਬੀਬੀ ਨਰਿੰਦਰ ਕੌਰ ਅਤੀ ਸੁਲਝੀ ਹੋਈ ਨਾਮਧਾਰੀ ਸਮਾਜ ਦੀ ਉਘੀ, ਨਿਸ਼ਕਾਮ ਸੇਵਿਕਾ ਹੈ। ਬੀਬੀ ਪ੍ਰੀਤਮ ਕੌਰ ਜਿਥੇ ਇਕ ਸਿਆਣੀ ਮਾਂ ਦੀ ਧੀ ਸੀ, ਉਥੇ ਇਕ ਸਿਆਣੀ ਧੀ ਦੀ ਮਾਂ ਵੀ ਸੀ। ਭੈਣ ਨਰਿੰਦਰ ਕੌਰ ਬਾਰੇ ਕੁਝ ਦਸਣ ਦੀ ਜ਼ਰੂਰਤ ਨਹੀਂ ਸਗੋਂ ਆਪ ਪਿਆ ਨਜ਼ਰੀ ਆਉਂਦਾ ਹੈ ਕਿ ਉਹ ਬੀਬੀ ਪ੍ਰੀਤਮ ਕੌਰ ਦੀ ਧੀ ਹੈ, ਸਰਬ ਗੁਣ ਸੰਪੂਰਨ ਬੇਟੀ ਹੈ ਉਹਨਾਂ ਦੀ। ਬੀਬੀ ਪ੍ਰੀਤਮ ਕੌਰ ਜੀ ਸਤਿਗੁਰੂ ਸੱਚੇ ਪਾਤਸ਼ਾਹ ਵਾਸਤੇ ਅਤਿਅੰਤ ਸ਼ਰਧਾ ਪ੍ਰੇਮ ਰਖਦੇ ਸਨ।

ਬੀਬੀ ਜੀ ਦੀਆਂ ਕਈ ਹੱਡ ਬੀਤੀਆਂ ਸਾਖੀਆਂ ਹਨ, ਇਕ ਸਾਖੀ ਇਸ ਤਰ੍ਹਾਂ ਹੈ—ਜਦੋਂ ਜਥੇਦਾਰ ਸੇਵਾ ਸਿੰਘ ਜੀ ਰਾਣੀਆਂ (ਹਰਿਆਣਾ) ਵਿੱਚ ਸਮੇਤ ਪਰਿਵਾਰ ਨਿਵਾਸ ਰਖਦੇ ਸਨ, ਤਾਂ ਬੀਬੀ ਜੀ ਸਿਹਤ ਢਿੱਲੀ ਹੋ ਗਈ। ਬੀਬੀ ਜੀ ਨੂੰ ਦਿੱਲੀ ਲਿਆਂਦਾ ਗਿਆ ਇਲਾਜ ਵਾਸਤੇ ਤੇ ਫਿਰ ਹੌਲੀ-ਹੌਲੀ ਸਾਰਾ ਘਰ ਬੱਚੇ ਦਿੱਲੀ ਹੀ ਸਥਾਪਤ ਹੋ ਗਏ। ਬੀਬੀ ਜੀ ਦਾ ਡਾਕਟਰੀ ਇਲਾਜ ਹੋਇਆ ਤੇ ਸਤਿਗੁਰੂ ਜੀ ਦੀ ਕ੍ਰਿਪਾ ਹੋਈ, ਬੀਬੀ ਜੀ ਠੀਕ ਹੋ ਗਏ। ਇਕ ਦਿਨ ਬੀਬੀ ਜੀ ਦੇ ਮਨ ਵਿੱਚ ਸੋਚ ਆਈ—ਇਕ ਕੋਟੀ ਸਤਿਗੁਰੂ ਜੀ ਵਾਸਤੇ ਉਣ ਕੇ ਭੇਟ ਕੀਤੀ ਜਾਵੇ। ਬੱਸ ਝਟ ਉੱਨ ਲੈ ਆਏ ਤੇ ਕੋਟੀ ਉਣ ਕੇ ਤਿਆਰ ਕਰ ਲਈ।.......ਤੇ ਫੇਰ ਸੋਚ ਆਈ ਜੇ ਸਤਗੁਰੂ ਜੀ ਕ੍ਰਿਪਾ ਕਰਨ ਤੇ ਇਹ ਕੋਟੀ ਆਪ ਹੀ ਮੇਰੇ ਕੋਲੋਂ ਲੈ ਲੈਣ। ਕੋਟੀ ਬਣਾ ਕੇ ਖੂਹ ਦੇ ਪਾਣੀ ਨਾਲ ਧੋ ਕੇ ਸੁਚੀ ਰੁਮਾਲੀ ਵਿੱਚ ਬੰਨ੍ਹ ਕੇ ਰਖ ਦਿੱਤੀ। ਸੱਚੇ ਪਾਤਸ਼ਾਹ ਜੀ ਦਿੱਲੀ ਪੂਸਾ ਰੋਡ ਵਾਲੀ ਕੋਠੀ ਦਰਸ਼ਨ ਦਿੱਤੇ ਤਾਂ ਜਥੇਦਾਰ ਜੀ ਅਤੇ ਬੀਬੀ ਜੀ ਵੀ ਪਹੁੰਚੇ ਦਰਸ਼ਨ ਕਰਨ, ਅਤੇ ਕੋਟੀ ਵੀ ਲਿਆਏ ਸਨ ਨਾਲ ਭੇਟ ਕਰਨ ਲਈ। ਸੇਵਕਾਂ ਨੂੰ ਦਰਸ਼ਨ ਲਈ ਅਰਜ਼ ਕੀਤੀ ਤਾਂ ਸੇਵਕਾਂ ਨੇ ਕਿਹਾ ਸਚੇ ਪਾਤਸ਼ਾਹ ਜੀ ਅਜੇ ਬਿਰਾਜੇ ਹੋਏ ਹਨ ਕੁਝ ਦੇਰ ਬਾਦ ਦਰਸ਼ਨ ਹੋ ਸਕਣਗੇ। ਜਦੋਂ ਵਾਪਿਸ ਮੁੜਨ ਲਗੇ ਤਾਂ ਪੌੜੀਆਂ ਵਿਚੋਂ ਸਤਿਗੁਰੂ ਜੀ ਥਲੇ ਆਉਂਦੇ ਪਏ ਸਨ। ਦਰਸ਼ਨ ਹੋ ਗਏ, ਬੀਬੀ ਜੀ ਦੇ ਹੱਥ ਵਿੱਚ ਕੋਟੀ ਫੜੀ ਹੋਈ ਸੀ, ਮਨ ਵਿੱਚ ਸੀ ਅੱਜ ਈ ਕੋਟੀ ਪ੍ਰਵਾਨ ਹੋ ਜਾਵੇ ਤਾਂ! ਸੋ ਜਾਣੀ ਜਾਣ ਸਤਿਗੁਰਾਂ ਨੇ ਬੀਬੀ ਜੀ ਤੋਂ ਕੋਟੀ ਆਪ ਲੈ ਲਈ ਅਤੇ ਪਾ ਕੇ ਇਸਤਰਾਂ ਇਸ਼ਾਰਿਆਂ ਨਾਲ ਦਿਖਾਈ ਕਿ ਕੋਟੀ ਠੀਕ ਆਈ ਮੈਨੂੰ ; ਜਾਣੀ ਕਿ ਕੋਟੀ ਪ੍ਰਵਾਨ ਏ। ਸੱਚੇ ਪਾਤਸ਼ਾਹ ਜੀ ਬੀਬੀ ਜੀ ਦੇ ਦਿਲ ਦੀ ਆਸ ਪੁਗਾਈ ਸੀ। ਇਹ ਸਾਖੀ ਸੁਣਾਂਦਿਆਂ ਬੀਬੀ ਜੀ ਵੈਰਾਗੀ ਹੋ ਜਾਂਦੇ ਸਨ।

ਉਸ ਤੋਂ ਬਾਦ ਬੀਬੀ ਜੀ ਬਿਲਕੁਲ ਤੰਦਰੁਸਤ ਹੋ ਗਏ ਸਨ। ਕੋਈ ਸਰੀਰਕ ਤਕਲੀਫ ਨਹੀਂ ਸੀ, ਬੀਬੀ ਜੀ ਇਸਤੋਂ ਬਾਦ ਬਹੁਤ ਸਾਲ ਤਕ ਬਿਲਕੁਲ ਠੀਕ ਠਾਕ ਰਹੇ, ਆਪਣੇ ਖਿੜੇ ਅਤੇ ਖੁਸ਼ਹਾਲ ਪਰੀਵਾਰ ਵਿੱਚ। ਬੀਬੀ ਜੀ ਸਦਕੇ ਜਾਂਦੇ ਸਨ ਆਪਣੇ ਪਰੀਵਾਰ ਤੋਂ। ਹੁਣ ਤਕਰੀਬਨ ਜੁਲਾਈ ਮਹੀਨੇ ਨੂੰ ਬੀਬੀ ਜੀ ਦੀ ਸਿਹਤ ਕੁਝ ਢਿੱਲੀ ਹੋਈ ਤਾਂ ਬੀਬੀ ਜੀ ਦੇ ਬੱਚਿਆਂ ਨੇ ਜਾ ਕੇ ਡਾਕਟਰਾਂ ਨੂੰ ਦਿਖਾਇਆ ਬਹੁਤ ਦਵਾ ਦਾਰੂ ਕੀਤੇ ਗਏ। ਜਥੇਦਾਰ ਸੇਵਾ ਸਿੰਘ ਜੀ ਦਾ ਸਾਰਾ ਪਰੀਵਾਰ ਨੂੰਹਾਂ ਪੁਤਰ ਪੋਤਰੇ ਪੋਤਰੀਆਂ ਧੀ ਜਵਾਈ ਅਤੇ ਦੋਹਤੇ ਦੋਹਤਰੀਆਂ ਸਭ ਪਰੀਵਾਰ ਨੇ ਬਹੁਤ ਸੇਵਾ ਕੀਤੀ ਪਰ ਸਤਿਗੁਰੂ ਜੀ ਵਲੋਂ ਬਖਸ਼ੀ ਕਰੀਬ ੭੦ ਕੁ ਸਾਲਾਂ ਦੀ ਉਮਰ ਭੋਗ ਕੇ ਆਪਣੇ ਖਿੜੇ ਪਰੀਵਾਰ ਨੂੰ ਛੱਡ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ।

ਬੀਬੀ ਜੀ ਨੇ ਆਪਣੇ ਜੀਵਨ ਵਿਚ ਕਦੀ ਕਿਸੇ ਨੂੰ ਪਰੇਸ਼ਾਨ ਨਹੀਂ ਸੀ ਕੀਤਾ—ਅਤੇ ਜਾਣ ਲਗਿਆ ਵੀ ਕਿਸੇ ਨੂੰ ਤੰਗ ਪਰੇਸ਼ਾਨ ਨਹੀਂ ਕੀਤਾ। ਬੀਬੀ ਜੀ ਦੇ ਅੰਤਮ ਸੰਸਕਾਰ ਵੇਲੇ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਾਫੀ ਸੰਗਤ ਆਈ ਸੀ ਅਤੇ ਬਹੁਤ ਸਾਰੀ ਸੰਗਤ ਦਾ ਇਕੱਠ ਹੋ ਗਿਆ ਸੀ। ਜਥੇਦਾਰ ਸੇਵਾ ਸਿੰਘ ਜੀ ਆਪ ਸ਼ਬਦ ਪੜਦੇ ਹੋਏ ਨਾਲ ਚਲ ਰਹੇ ਸਨ। ਸ਼ਬਦ ਦੀ ਟੇਕ ਸੀ—ਸੰਗ ਸਖਾ ਸਭ ਤਜ ਗਏ ਕੋਊ ਨਾ ਨਿਬਿਹਿਓ ਸਾਥ॥

ਬੀਬੀ ਜੀ ਦੇ ਅਕਾਲ ਚਲਾਨੇ ਤੋਂ ਬਾਦ ਜਦੋਂ ਜਥੇਦਾਰ ਜੀ ਦਾ ਸਾਰਾ ਪਰੀਵਾਰ ਸ੍ਰੀ ਭੈਣੀ ਸਾਹਿਬ ਮੱਥਾ ਟੇਕਣ ਗਿਆ ਤਾਂ ਜਥੇਦਾਰ ਜੀ ਨੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ



Namdhari Elibrary NamdhariElibrary@gmail.com

ਕੀਤੀ, "ਸੱਚੇ ਪਾਤਸ਼ਾਹ ਜੀ ਬੀਬੀ ਪ੍ਰੀਤਮ ਕੌਰ ਚਲੀ ਗਈ ਏ ਉਸ ਨੂੰ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ" ਤਾਂ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ, "ਬੀਬੀ ਇਥੇ ਈ ਏ ਸਾਡੇ ਕੋਲ।"

ਬੀਬੀ ਜੀ ਦੇ ਅਕਾਲ ਚਲਾਣੇ ਤੋਂ ਬਾਦ, ਉਹਨਾਂ ਦੇ ਘਰ ਵਿੱਚ, ਰੋਜ਼ ਰਾਤੀਂ ੮ ਤੋਂ ੯ ਵਜੇ ਤਕ ਕਥਾ ਕੀਤੀ ਜਾਂਦੀ ਅਤੇ ਨਾਮ ਸਿਮਰਨ ਹੁੰਦਾ। ਕਥਾ ਕਰਨ ਵਾਸਤੇ ਸੰਤ ਜੋਗਾ ਸਿੰਘ ਜੀ ਜਥੇਦਾਰ, ਰਾਗੀ ਮਨਜੀਤ ਸਿੰਘ ਜੀ, ਸੂਬਾ ਜਥੇਦਾਰ ਸੇਵਾ ਸਿੰਘ ਜੀ ਜਗਾਧਰੀ ਵਾਲੇ ਆਪਣਾ ਯੋਗਦਾਨ ਦਿੰਦੇ ਰਹੇ।

੨੧ ਅਕਤੂਬਰ ਨੂੰ ਦਿੱਲੀ ਦੇ ਸਥਾਨਕ ਜਥੇਦਾਰਾਂ ਦਿਵਾਨ ਲਗਾਏ, ੨੨ ਅਕਤੂਬਰ ਨੂੰ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿੱਚ ਬੀਬੀ ਜੀ ਦੇ ਭੋਗ ਦਾ ਮੇਲਾ ਸੀ। ਸ੍ਰੀ ਭੈਣੀ ਸਾਹਿਬ ਤੋਂ ਜਥੇਦਾਰ ਅਤੇ ਰਾਗੀ ਜਥਾ ਸਤਿਗੁਰੂ ਜੀ ਦੇ ਹੁਕਮ ਨਾਲ ਉਚੇਚੇ ਤੌਰ ਤੇ ਆਇਆ ਸੀ, ਪਹਿਲਾਂ ਜਥੇਦਾਰ ਸੂਬਾ ਸੇਵਾ ਸਿੰਘ ਜੀ ਜਗਾਧਰੀ ਵਾਲਿਆਂ ਨੇ ਦੀਵਾਨ ਲਗਾਇਆ। ਫਿਰ ਜਥੇਦਾਰ ਇਕਬਾਲ ਸਿੰਘ ਜੀ ਨੇ ਦੀਵਾਨ ਲਗਾਇਆ। ਉਸ ਤੋਂ ਉਪਰੰਤ ਰਾਗੀ ਜਥਾ ਮੋਹਨ ਸਿੰਘ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸ਼ਾਮ ਸਿੰਘ ਨੇ ਰਸਭਿੰਨਾ ਅੰਮ੍ਰਿਤਮਈ ਕੀਰਤਨ ਕੀਤਾ। ਬਲਜੀਤ ਸਿੰਘ ਜੀ ਅਤੇ ਗੁਰਮੀਤ ਸਿੰਘ ਵੀਰਾਂ ਨੇ ਬਹੁਤ ਸੋਹਣੇ ਵੈਰਾਗਮਈ ਸ਼ਬਦ ਪੜ੍ਹੇ।

ਸ਼ਰਧਾਂਜਲੀਆਂ ਅਰਪਿਤ ਕਰਨ ਵਾਸਤੇ ਉਚੇਚੇ ਤੌਰ ਤੇ ਪਹੁੰਚੇ ਸਨ ਸ੍ਰੀਮਾਨ ਸ. ਹਰਵਿੰਦਰ ਸਿੰਘ ਜੀ ਹੰਸਪਾਲ, ਸੂਬਾ ਹਰਭਜਨ ਸਿੰਘ ਜੀ ਲੁਧਿਆਣਾ, ਸੰਤ ਦਲੀਪ ਸਿੰਘ ਜੀ ਨਾਮਧਾਰੀ, ਸੂਬਾ ਬਲਵਿੰਦਰ ਸਿੰਘ ਝੱਲ ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ। ਬਹੁਤ ਸੋਹਣੇ ਸ਼ਬਦਾਂ ਵਿੱਚ ਬੀਬੀ ਜੀ ਨੂੰ ਸ਼ਰਧਾ ਸੁਮਨ ਅਰਪਤ ਕੀਤੇ ਗਏ ਸਨ। ਸੂਬਾ ਸਰਬਜੀਤ ਸਿੰਘ ਜੀ ਗਵਾਲੀਅਰ ਤੋਂ ਆਏ ਸਨ। ਮਹਿੰਦਰ ਸਿੰਘ ਬੂਲਰ ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਰਾਮ ਰਾਘੋ ਜੀ ਕਾਂਗਰਸ ਕਮੇਟੀ ਅਤੇ ਹੋਰ ਵੀ ਬਹੁਤ ਸਾਰੇ ਪਤਵੰਤੇ ਸਜਣ ਰਿਸ਼ਤੇਦਾਰ ਸਾਧ ਸੰਗਤ ਸਭ ਐਸ ਵੇਲੇ ਪਰੀਵਾਰ ਨਾਲ ਦੁਖ ਦੀ ਘੜੀ ਸਾਂਝੀ ਕਰਨ ਲਈ ਪਹੁੰਚੇ ਸਨ। ਪਾਠ ਦੇ ਭੋਗ ਅਤੇ ਅਰਦਾਸ ਤੋਂ ਬਾਦ ਘਰ ਪਰੀਵਾਰ ਦੇ ਜੀਆਂ ਵਲੋਂ ਆਈ ਸਾਧ ਸੰਗਤ ਦੀ ਸੇਵਾ ਲੰਗਰ ਛਕਾ ਕੇ ਕੀਤੀ। ਸੋ ਇਸ ਤਰ੍ਹਾਂ ਬੀਬੀ ਜੀ ਇਕ ਸਫਲ ਜੀਵਨ ਬਿਤਾ ਕੇ ਗਏ ਹਨ। ਸਤਿਗੁਰੂ ਜੀ ਕ੍ਰਿਪਾ ਕਰਨ। ਬੀਬੀ ਜੀ ਨੂੰ ਚਰਨਾਂ ਵਿੱਚ ਰਖਣ ਅਤੇ ਪਿਛੇ ਪਰੀਵਾਰ ਵਿੱਚ ਸੁਖ ਵਰਤਾਣ।

ਮੇਰੀ ਭੈਣ ਵਰਗੀ ਪਿਆਰੀ ਸਹੇਲੀ ਬੀਬੀ ਨਰਿੰਦਰ ਕੌਰ ਜੀ ਦੇ ਉਹ ਮਾਤਾ ਜੀ ਸਨ। ਸੋ ਮੈਂ ਵੀ ਆਪਣੇ ਵਲੋਂ ਸ਼ਰਧਾਂਜਲੀ ਵਿੱਚ ਕੁਝ ਲਾਈਨਾਂ ਲਿਖੀਆਂ ਹਨ :

ਜੱਗ ਵਿੱਚ ਸਭ ਤੋਂ ਪਿਆਰੀ ਹੁੰਦੀ ਏ ਮਾਂ
ਮਾਂ ਦੀ ਹੁੰਦੀ ਏ ਜੱਗ ਵਿੱਚ ਠੰਡੀ ਮਿੱਠੀ ਛਾਂ
ਮਾਂ ਵਰਗਾ ਸੰਸਾਰ ਤੇ ਸੰਘਣਾ, ਬੂਟਾ ਕੋਈ ਨਾ
ਸਾਰਾ ਜੱਗ ਢੂੰਡਿਆ ਮਾਂ ਵਰਗਾ ਡਿਠਾ ਕੋਈ ਨਾ
ਬਾਬਲ ਤੇਰਾ ਵਿਹੜਾ ਖਿੜਿਆ ਰਵ੍ਹੇ ਵੀਰਾਂ ਦੇ ਪਰੀਵਾਰ ਨਾਲ
ਭਾਵੇਂ ਬਾਬਲ ਵੀ ਕਰਦਾ ਏ ਬਹੁਤ ਦੁਲਾਰ
ਘਰ ਤੇਰੇ ਆਉਂਦਿਆ ਦਿਸਣੀ ਨਹੀਂ ਹੁਣ ਸਾਨੂੰ ਮਾਂ
ਭਾਬੀਆਂ ਤੇ ਵੀਰੇ ਵੀ ਕਰਦੇ ਨੇ ਬਹੁਤ ਪਿਆਰ
ਪਰ ਮਾਂ ਨੇ ਹੁਣ ਪੁਛਣਾ ਨਹੀਂ ਕੋਲ ਬਠਾਲ :
ਧੀਏ ਰਾਜ਼ੀ ਏਂ, ਦਸ ਕੀ ਏ ਤੇਰੇ ਬੱਚਿਆਂ ਦਾ ਹਾਲ ?
ਮਾਂ ਝੋਲੀ ਵਿੱਚ ਲੈਂਦੀ ਏ ਬਠਾਲ
ਮਾਂ ਦਾ ਹਿਰਦਾ ਹੁੰਦਾ ਏ ਵਿਸ਼ਾਲ
ਮਾਂ ਕਰਦੀ ਸੀ ਬਹੁਤ ਬਹੁਤ ਪਿਆਰ
ਮਾਂ ਚਲੀ ਗਈ ਵਿਛੋੜਾ ਪਾ
ਜੱਗ ਵਿੱਚ ਹੁੰਦੀ ਏ ਸਭ ਤੋਂ ਪਿਆਰੀ ਮਾਂ
ਮਾਂ ਦੀ ਹੁੰਦੀ ਏ ਠੰਡੀ ਅਤੇ ਮਿਠੀ ਛਾਂ।

*ਬੀਬੀ ਸਿੰਦਰ ਕੌਰ ਦਿੱਲੀ*

## ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਨਵੀਂ ਕਾਰਜ ਕਾਰਨੀ

ਨਾਮਧਾਰੀ ਪੰਜਾਬੀ ਸਾਹਿਤ ਸਭਾ ਰਜਿਸਟਰਡ, ਸ੍ਰੀ ਜੀਵਨ ਨਗਰ ਹਰਿਆਣਾ ਦੀ ਸਾਲਾਨਾ ਚੋਣ ਮਿਤੀ ੧੦ ਦਸੰਬਰ ੨੦੦੩ ਨੂੰ ਸ੍ਰੀ ਗੁਰੂ ਹਰੀ ਸਿੰਘ ਕਾਲਜ ਵਿੱਚ ਸਰਬ ਸੰਮਤੀ ਨਾਲ ਹੋਈ। ਪਿਛਲੇ ਪ੍ਰਧਾਨ ਲਖਵਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਨਵੀਂ ਕਾਰਜ ਕਾਰਨੀ ਦੇ ਅਹੁਦੇਦਾਰ ਇਸ ਪ੍ਰਕਾਰ ਚੁਣੇ ਗਏ।

ਪ੍ਰਧਾਨ : ਸ੍ਰੀ ਜੁਗਿੰਦਰ ਸਿੰਘ ਮੁਕਤਾ, ਮੀਤ ਪ੍ਰਧਾਨ : ਸਵਰਨ ਸਿੰਘ ਚੀਮਾ ਤੇ ਬਲਦੇਵ ਸਿੰਘ ਬੱਲ, ਜਨਰਲ ਸਕੱਤਰ : ਜਸਵਿੰਦਰ ਸਿੰਘ ਡਿੰਡਰ, ਮੀਤ ਸਕੱਤਰ : ਪੂਰਨ ਸਿੰਘ ਨਿਰਾਲਾ, ਖ਼ਜ਼ਾਨਚੀ : ਹਰਭਜਨ ਸਿੰਘ ਰਾਜਾ, ਤਾਲਮੇਲ ਸਕੱਤਰ : ਕੁਲਦੀਪ ਸਿੰਘ ਦੀਪ, ਚੈਕਰ ਅਤੇ ਲਾਇਬ੍ਰੇਰੀਅਨ : ਲਖਵਿੰਦਰ ਸਿੰਘ ਬਾਜਵਾ, ਕਮੇਟੀ ਮੈਂਬਰ : ਰਜਿੰਦਰ ਸਿੰਘ, ਵਰਿਆਮ ਸਿੰਘ ਪਿਆਸਾ ਅਤੇ ਮੁਖਤਿਆਰ ਸਿੰਘ

ਸਭਾ ਦੇ ਸਰਪ੍ਰਸਤ ਮਾਸਟਰ ਅਮਰੀਕ ਸਿੰਘ ਜੀ ਨੇ ਆਪਣੇ ਭਾਸ਼ਨ ਵਿੱਚ ਪਹਿਲੀ ਕਾਰਜ ਕਾਰਨੀ ਦੀ ਇਹ ਕਹਿ ਕੇ ਸ਼ਲਾਘਾ ਕੀਤੀ ਕਿ "ਕਲਮਾਂ ਦੇ ਕਾਫਲੇ" ਪੁਸਤਕ ਛਪਵਾਈ ਹੈ ਅਤੇ ਸਭਾ ਰਜਿਸਟਰ ਕਰਵਾਈ ਹੈ। ਸਭਾ ਦੇ ਸਿਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਿਹਰ ਭਰਿਆ ਹੱਥ ਹੈ ਇਸ ਵਾਸਤੇ ਸਭਾ ਦੀ ਚੋਣ ਨਿਰੰਤਰ ਅਤੇ ਸਰਬ ਸੰਮਤੀ ਨਾਲ ਹੁੰਦੀ ਹੈ।



Namdhari Elibrary NamdhariElibrary@gmail.com

# ਪ੍ਰਤੀਕਿਰਿਆ

...ਐਨਾ ਰੁਝੇਵਾਂ ਵੀ ਵਰਿਆਮ ਜਹੇ ਮਨ ਚਾਹਤ ਮੈਗਜ਼ੀਨ ਨੂੰ ਡੀਕਾਂ ਲਾ ਪੀ ਲੈਣ ਵਿੱਚ ਰੁਕਾਵਟ ਨਹੀਂ ਬਣ ਸਕਿਆ।

ਇੱਕੋ ਮਹੀਨੇ ਵਿੱਚ ਦੋ ਪੁਨਰ ਆਤਮਾਵਾਂ ਦਾ ਵਰਣਨ ਵਰਿਆਮ ਦੀ ਸ਼ਾਨ ਨੂੰ ਚਾਰ ਚੰਨ ਲਾ ਰਿਹਾ ਹੈ। ਤੁਹਾਡੇ ਨਾਲ ਦਲੀਪ ਸਿੰਘ ਜੀਆਂ ਬੜੇ ਵਿਸਥਾਰ ਨਾਲ ਸਤਿਗੁਰਾਂ ਨੂੰ ਪ੍ਰਕਾਸ਼ਮਾਨ ਕੀਤਾ ਹੈ, ਧੰਨਵਾਦ। 'ਪੰਜ ਦਿਨ ਪਹਾੜ ਦੇ' ਵਿਚ ਰਾਜਿੰਦਰ ਸਿੰਘ ਜੀ ਗੁਰੂਸਰ ਦੀ ਸਵਛ ਆਤਮਾ ਦੇ ਦਰਸ਼ਨ ਭੀ ਹੋਏ ਹਨ। ਮੈਨੂੰ ਸਤਿਜੁਗ ਵਿੱਚ ਇਨ੍ਹਾਂ ਦੀ ਸੰਗਤ ਵਿੱਚ ਵਿਚਰਨ ਦਾ ਬਹੁਤਾ ਸਮਾਂ ਨਹੀਂ ਮਿਲਿਆ।

'ਵਿਰਕ' ਜੀ ਤੇ ਜੋਸ਼ ਜੀਵਨ ਵਿਚੋਂ ਹੂ, ਬਹੂ, ਮੋਤੀ, ਚੁਗ, ਚੁਗ ਦਖਾਈ ਜਾ ਰਹੇ ਹਨ ਢੇਰ ਸਮੇਂ ਤੋਂ। ਇਨ੍ਹਾਂ ਦੀ ਘਾਲਣਾ ਵੱਡਮੁੱਲੀ ਹੈ। ਚੇਅਰਮੈਨ ਤਰਲੋਚਨ ਸਿੰਘ ਜੀ ਗਾਹੇ ਬਗਾਹੇ ਦਰਸ਼ਨ ਦਿੰਦੇ ਰਹਿੰਦੇ ਹਨ, ਪਰ ਦਸੰਬਰ ਦੇ ਵਰਿਆਮ ਵਿੱਚ ਸਿੱਖ ਨੌਜਵਾਨਾਂ ਸਬੰਧਤ ਇਹ ਲੰਮਾ ਭਾਸ਼ਣ ਲੇਖ ਰੂਪ ਵਿੱਚ ਦੇ ਤੇ ਜਿੱਥੇ ਉਨ੍ਹਾਂ ਅੱਜ ਦੀ ਪੀੜ੍ਹੀ ਨੂੰ ਵੰਗਾਰਿਆ, ਸੋਧਿਆ, ਪਿਆਰਿਆ ਹੈ ਉੱਥੇ ਨਾਲ ਹੀ ਅੱਜ ਦੀ ਸਾਡੀ ਮੁੱਖੀ ਧਾਰਮਕ ਪਰਨਾਲੀ ਨੂੰ ਝੰਜੋੜਿਆ ਭੀ ਹੈ ਜਿਨ੍ਹਾਂ ਦਾ ਮਾਇਆ ਇਕੱਤਰ ਕਰਨ ਦਾ ਢੰਗ ਪਤਿਤ ਹੋ ਰਹੀ ਸਿੱਖੀ ਦੀ ਕਿੰਨੀ ਕੁ ਸੇਵਾ ਕਰਨ ਵਿੱਚ ਸਫਲ ਹੈ।

ਕਲਚਰਲ ਪ੍ਰੋਗਰਾਮਾਂ ਦੀ ਆੜ ਵਿੱਚ ਇੱਥੇ ਆਮ ਕੰਜਰਲ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਜੇ ਕੁਝ ਮੇਰੇ ਜਹੇ ਤੋਂ ਆਖਿਆ ਗਿਆ ਜਵਾਬ ਮਿਲਦਾ ਹੈ 'ਗੁਰਦੁਆਰਿਆਂ ਵਿਚ ਕੀ ਹੁੰਦਾ ਹੈ।' ਇਨ੍ਹਾਂ ਨੂੰ ਇੰਗਲੈਂਡ ਅਮਰੀਕਾ, ਕੈਨੇਡਾ ਵਿਚ ਅਸਟ੍ਰੇਲੀਆ ਭੀ ਐਡ ਕਰ ਲੈਣਾ ਚਾਹੀਦਾ ਸੀ, ਪਿਛਲੇ ਦੋ ਮਹੀਨੇ ਇੱਥੇ ਅਖਬਾਰਾਂ ਵਿੱਚ ਭੀ ਇਹੋ ਚਰਚਾ ਸੀ।

ਮਲਕੀਤ ਮੀਤ ਨੇ ਚੰਗੀ ਤਰ੍ਹਾਂ ਸਿਧ ਕਰ ਦਿੱਤਾ ਹੈ ਕਿ ਮਨੁੱਖ ਨੇ ਨਰਕ ਨਜ਼ਾਮ ਵੱਲ ਵੱਧਣ ਲਈ ਕਿੰਨਾ ਪੈਂਡਾ ਤੈ ਕਰ ਲਿਆ ਹੈ।

ਸਿਡਨੀ ਵਿੱਚ ਸਪੋਰਟ ਦੇ ਪਰਸੰਸਕ ਕਈ ਵੇਰ ਮੇਰੇ ਪਾਸ ਸੁੱਧਿਆ ਆ ਆਖ ਦੇਂਦੇ ਹਨ "ਤੁਸੀਂ ਕਿੰਨਾ ਚੰਗਾ ਕੰਮ ਕਰਦੇ ਹੋ, ਘੱਟ ਘੱਟ ਉੱਠਦੀਆਂ ਜਵਾਨੀਆਂ ਨੂੰ ਕੁਝ ਕਰਨ ਲਈ ਪਰੇਰਦੇ ਤਾਂ ਹੋ। ਗਰਾਊਂਡ ਵਿਚ ਬੱਚੇ ਜੇ ਨਹੀ ਜਾਂਦੇ ਤੇ ਪੱਬਾਂ ਵਿੱਚ ਜਾ ਵੜਨਗੇ।"

ਕਈ ਬੱਚੇ ਤੇ ਲੋਹੇ ਦੀਆਂ ਲੱਠਾਂ ਸਿੱਧ ਹੋ ਰਹੇ ਨੇ ਨਹੀਂ ਤੇ ਇੱਥੇ ਦਖਾਉਣ ਲਈ ਗੋਰਾ ਰੰਗ ਤੇ ਹੈ ਈ। ਵਾਈਟ ਅਸਟ੍ਰੇਲੀਆ ਤੇ ਇਨ੍ਹਾਂ ਦੇ ਖੂਨ ਵਿੱਚ ਰੱਚਿਆ ਪਿਆ ਹੈ।

*—ਦਲਬੀਰ ਸਿੰਘ ਤਰਸ*
*ਸਿਡਨੀ, ਅਸਟ੍ਰੇਲੀਆ*

ਇਸ ਵਾਰ (ਜਨਵਰੀ) ਦਾ ਪਰਚਾ ਇਕ ਯਾਦਗਾਰੀ ਪਰਚਾ ਹੈ। ਸਰ ਫਰੋਸ਼ੀ ਕੀ ਤਮੰਨਾ ਤੋਂ ਲੈ ਕੇ ਮਾਸਟਰ ਅਮਰੀਕ ਸਿੰਘ ਜੀ, ਫੇਰ ਬਾਰਾਂ ਮਹੀਨੇ (ਜੇ. ਕੇ. ਸੰਧੂ) ਪੁਰਾਣੀ ਸਿਨਫ ਨੂੰ ਉਜਾਗਰ ਕਰਨਾ, ਮਲੇਰ ਕੋਟਲੇ ਦੀ ਵਾਰ (ਨੇਰ੍ਹੇ ਦਾ ਪਿਛਾ ਕਰਨਾ) ਮਤਲੇ ਦਾ ਜਵਾਬ ਨਹੀਂ, ਠੇਠ ਪੰਜਾਬੀ, ਦਿਲ ਦਾ ਪਲਾ ਫੜ ਕੇ, ਦੂਹਾਂ ਦਾ ਕੋਈ ਮੁਲ ਨਹੀਂ। ਇਕ ਹੋਰ ਗਲ ਜੋ ਸਾਰੀ ਉਮਰ ਯਾਦ ਰਹੇਗੀ। ਓਹ ਸੂਰਤ ਏਨੀ ਖੂਬਸੂਰਤ ਹੈ ਜੋ ਹਰ ਦਿਲ ਤੇ ਕਬਜ਼ਾ ਕਰ ਲੈਂਦੀ ਹੈ। ਉਸ ਖੂਬਸੂਰਤ ਸੂਰਤ ਨੂੰ ਜਗਦੀਸ਼ ਵਰਿਆਮ ਕਹਿ ਲਈਏ ਕੋਈ ਅੱਤ ਕਥਨੀ ਨਹੀਂ। ਰੱਬ ਦੀ ਸੂਰਤ ਜੀਂਦੀ ਜਾਗਦੀ ਰਹੇ। ਓਅੰਕਾਰ ਵਰਗੀ ਦਸਤਾਰ ਚਾਨਣ ਬਖੇਰਦੀ ਰਹੇ।

*ਸੰਤੋਖ ਸਿੰਘ ਸਫਰੀ*
*ਜਲੰਧਰ*

ਮਹੀਨੇ ਦੀ ਹਰ ਆਖਰੀ ਤਰੀਕ ਦਾ ਇੰਤਜ਼ਾਰ ਇਸ ਕਰਕੇ ਹੁੰਦਾ ਹੈ ਕਿ ਅਗਲੇ ਚੜ੍ਹਨ ਵਾਲੇ ਮਹੀਨੇ ਦਾ 'ਵਰਿਆਮ' ਆਵੇਗਾ। ਕਲੀਨਿਕ ਤੋਂ ਜਦੋਂ ਸ਼ਾਮ ਨੂੰ ਘਰ ਫੋਨ ਕਰਦਾ ਹਾਂ ਤਾਂ ਰਜਵੰਤ ਨੂੰ ਮੇਰਾ ਇਹ ਸਵਾਲ ਜ਼ਰੂਰ ਹੁੰਦਾ ਹੈ ਕਿ ਡਾਕ ਆ ਗਈ ਏ ? ਵਰਿਆਮ ਆ ਗਿਆ ? ....'ਤੇ ਜੇਕਰ ਨਾ ਆਇਆ ਹੋਵੇ ਤਾਂ ਪਹਿਲੀ ਤਰੀਕ ਨੂੰ ਮਿਲ ਹੀ ਜਾਂਦਾ ਹੈ। ਬਹੁਤ ਵਡਮੁੱਲਾ ਮੈਗਜ਼ੀਨ ਹੈ।...ਸੱਚੋ ਸੱਚ ਦਾ ਹੋਕਾ ਦੇਣ ਵਾਲਾ...ਪੂਰਾ ਸੱਚ ਦਾ ਪਾਂਧੀ...।

ਜਨਵਰੀ ੨੦੦੪ ਦਾ ਵਰਿਆਮ ਸਤਿਗੁਰੂ ਰਾਮ ਸਿੰਘ ਜੀ ਦੀ ਮਨਮੋਹਕ ਤਸਵੀਰ ਅਤੇ ਮਲੇਰਕੋਟਲੇ ਵਿਖੇ ਦੇਸ਼ ਆਜ਼ਾਦੀ ਲਈ ਸ਼ਹਾਦਤ ਦਿੰਦੇ ਯੋਧਿਆਂ ਦੀ ਰੰਗਦਾਰ ਤਸਵੀਰ ਨਾਲ ਸਜਿਆ ਮਿਲਿਆ। ਸੰਪਾਦਕੀ ਤੋਂ ਇਲਾਵਾ ਵਰਿਆਮ ਸਿੰਘ ਸੰਧੂ, ਸੁਰਜੀਤ ਪਾਤਰ, ਡਾ. ਸਤਿੰਦਰ ਸਿੰਘ, ਸ੍ਰੀ ਸਵਰਨ ਸਿੰਘ ਵਿਰਕ ਜੀ ਨੂੰ ਪੜ੍ਹਕੇ ਮਨ ਅੰਦਰ ਕਈ ਨਵੇਂ ਅਹਿਸਾਸ ਜਾਗੇ। ਗੁਰਬਾਣੀ ਅਤੇ ਪੰਜਾਬੀ ਸੱਭਿਆਚਾਰ, ਸੰਤੋਖ ਸਿੰਘ ਸਫਰੀ ਵੱਲੋਂ ਅਮਰਵੇਲ ਵਾਂਗ ਫੈਲ ਰਹੀ ਪੱਛਮੀ ਸੱਭਿਅਤਾ ਤੋਂ ਬਚਣ ਲਈ ਲੋਕਾਂ ਅਤੇ ਗਾਇਕਾਂ ਗਾਇਕਾਵਾਂ ਅਤੇ ਨੰਗਾ ਨਾਚ ਕਰਦੀਆਂ ਕੁੜੀਆਂ ਨੂੰ ਦਿੱਤੀ ਵੰਗਾਰ, ਡਾ. ਮਿਨਹਾਸ ਵੱਲੋਂ (ਸੰਤ ਦਲੀਪ ਸਿੰਘ ਜੀ ਦੁਆਰਾ ਲਿਖੀ ਕਿਤਾਬ ਲਈ) ਦਿੱਤਾ ਇਹ ਸੁਝਾਅ ਕਿ ਇਹ ਕਿਤਾਬ ਹਿੰਦੀ ਅੰਗਰੇਜ਼ੀ ਭਾਸ਼ਾਵਾਂ ਵਿੱਚ ਵੀ ਛਪਾਈ ਜਾਵੇ ਸਭ ਯੋਗ ਅਤੇ ਵਧੀਆ ਲੱਗਿਆ।

ਇਸ ਵਾਰ ਸਤਿਕਾਰਯੋਗ ਪਿਤਾ ਸਮਾਨ ਸ੍ਰੀ ਤਰਸੇਮ ਸਿੰਘ 'ਨਾਮਧਾਰੀ' (ਕਨੇਡਾ) ਜੀ ਦਾ ਪ੍ਰਤੀਕਿਰਿਆ ਵਿਚ ਅੱਜ ਦੇ ਧਰਮਾਂ ਦੀ ਥਿਊਰੀ ਅਤੇ ਪ੍ਰੈਕਟੀਕਲ ਬਾਰੇ ਕੀਤਾ ਗਿਲਾ ਪੜ੍ਹਿਆ। ਉਹਨਾਂ ਇਕ ਕੌੜਾ ਸੱਚ ਲਿਖਿਆ ਹੈ। ਅੱਜ ਦੇ ਬਹੁਗਿਣਤੀ ਧਰਮਾਂ, ਸੰਪਰਦਾਵਾਂ, ਧਾਰਮਿਕ ਸਥਾਨਾਂ ਦੀ ਅਗਵਾਈ ਕਰਨ ਵਾਲਿਆਂ ਰਹਿਨੁਮਾਵਾਂ, ਬਾਬਿਆਂ, ਸਾਧੂਆਂ, ਸੰਤਾਂ ਜਾਂ ਧਾਰਮਿਕ ਸਥਾਨਾਂ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਖੋਜੀ ਨਜ਼ਰ ਨਾਲ ਵੇਖੀਏ ਤਾਂ ਧਰਮ ਤੋਂ ਲਾਂਭੇ ਹੋ ਕੇ ਨਾਸਤਕ ਹੋਣਾ ਬੇਹਤਰ ਲਗਦਾ ਹੈ। ਪਰ ਫਿਰ ਮਨ ਵਿਚ ਇਹ ਸਵਾਲ ਆਉਂਦਾਹੈ ਕਿ ਨਾਸਤਿਕਾਂ ਦੇ ਮਾਨਸਿਕ ਵਿਕਾਸ ਦੀ ਇਕ ਸੀਮਾ ਹੈ 'ਵਿਗਿਆਨ'। ਭਾਵੇਂ ਵਿਗਿਆਨ ਨੂੰ ਝੁਠਲਾਇਆ ਨਹੀਂ ਜਾ ਸਕਦਾ ਪਰ ਵਿਗਿਆਨੀ ਜਾਂ ਨਾਸਤਿਕ ਅਧਿਆਤਮਿਕਤਾ ਨੂੰ ਨਹੀਂ ਮੰਨਦੇ ਜਦੋਂ ਕਿ ਅਧਿਆਤਮਿਕਤਾ ਇਕ ਅਸੀਮ ਅਨੁਭਵ ਹੈ। ਸ੍ਰੀ ਤਰਸੇਮ ਸਿੰਘ ਜੀ ਦੀ ਕੁਝ ਸਮਾਂ ਪਹਿਲਾਂ ਵਰਿਆਮ ਵਿਚ ਛਪੀ 'ਕਨੇਡਾ ਵਿਚ ਪੰਜਾਬੀ ਸਭਿਆਚਾਰ ਦੀ ਤਰਾਸਦੀ ਬਾਰੇ ਵੀ ਪੜ੍ਹਿਆਸੀ ਜਿਸ ਤੋਂ ਕਨੇਡਾ ਵਸਦੇ ਪੰਜਾਬੀਆਂ ਨੂੰ ਸਿੱਖਿਆ ਲੈਣੀ ਚਾਹੀਦੀ ਹੈ। ਸ੍ਰੀ ਤਰਸੇਮ ਸਿੰਘ ਜੀ ਵਲੋਂ ਵਰਿਆਮ ਦੀ ਪ੍ਰਤੀਕਿਰਿਆ ਰਾਹੀਂ ਮਿਲੇ ਪਿਆਰ ਨਾਲ ਮੈਨੂੰ ਸਕੂਨ ਮਿਲਿਆ ਹੈ। ਉਹਨਾਂ ਦੇ ਚਰਨ ਸਪਰਸ਼ ਕਰਨ ਦਾ ਸੁਭਾਗ ਪ੍ਰਾਪਤ ਹੋਏ ਨੂੰ ਭਾਵੇਂ ਕਾਫੀ ਦੇਰ ਹੋ ਗਈ ਹੈ ਪਰ ਉਹਨਾਂ ਦੀ ਪਰਮ ਪੂਜਯ ਪਾਤਸ਼ਾਹ ਜੀ ਦੇ ਨਾਲ ਖੜੋਤਿਆਂ ਦੀ ਤਸਵੀਰ ਮੈਂ ਆਪਣੇ ਬੈੱਡਰੂਮ ਵਿਚ ਸਜਾਈ ਹੋਈ ਹੈ।'

*—ਡਾ. ਲਖਵੀਰ ਸਿੰਘ*
*੨/੬੭ ਮਹਿਰਾਜ ਬਸਤੀ*
*ਰਾਮਪੁਰਾ ਫੂਲ ਬਠਿੰਡਾ-੧੫੧੧੦੩*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESATE,**

**JAMMU CANTT.**



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

# AMARJIT MOTOR GARAGE

**G.T. Road, Opp. Jalandhar Octroi Post,**

**PHAGWARA**



Namdhari Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

*ਫ਼ਰਸ਼ੀ ਦਰੀਆਂ ਅਤੇ ਗ਼ਲੀਚੇ*

ਨਿਰਮਾਤਾ

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

# Namdhari Sales

**10240/54, Library Road, Azad Market, Delhi-110006**





Namdhari Elibrary NamdhariElibrary@gmail.com



ਸੁਰਨਾਦ ਮਿਊਜ਼ਿਕ ਅਕੈਡਮੀ ਯੂ.ਕੇ. ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਤੇ ਆਯੋਜਿਤ ਪ੍ਰੋਗਰਾਮ ਵਿਚ ਸ. ਗੁਰਦੇਵ ਸਿੰਘ ਸਰੋਦ ਵਾਦਨ ਕਰਦੇ ਹੋਏ। ਤਬਲੇ ਤੇ ਸ਼ਾਹਬਾਜ਼ ਖਾਂ।

ਸ. ਧਰਮਬੀਰ ਸਿੰਘ ਦੇ ਸਪੁੱਤਰ ਕਵੀ ਰਾਜ ਸਿੰਘ ਸੰਤੂਰ ਵਾਦਕ ਅਤੇ ਊਪਨੀਤ ਸਿੰਘ ਤਬਲਾ ਵਾਦਕ।





ਉਸਤਾਦ ਹਰਭਜਨ ਸਿੰਘ ਸਪੁੱਤਰੀ ਪਵਨਜੀਤ ਕੌਰ ਦਾ ਗਾਇਨ।

Namdhari Elibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75 Feb -2004










**NAMDHARI SEEDS**

ਤੁਹਾਡੀ ਖੁਸ਼ਹਾਲੀ ਦੀ ਰਾਜ਼

# "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : **N.S. 815, ਉਤਸਵ ਅਤੇ ਅਮੋਘ**
ਫੁਲ ਗੋਭੀ : **N.S. 60, N.S. 84 ਅਤੇ N.S. 90**
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : **N.S. 295** (ਸਮਰ ਸਵੀਟ) **N.S. 246**
ਖਰਬੂਜਾ : **N.S. 7455 ਅਤੇ ਅਭੀਜੀਤ**
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

## ਨਾਮਧਾਰੀ ਸੀਡਜ਼ ਪ੍ਰ: ਲਿ:

Head Office:
**Namdhari Seeds Pvt. Ltd.**
Bidadi - Banglore (India)
Tel. : 080 - 72 82 653
72 82 654
City Office:080- 8602167
Fax :080 8602168

ਰੀਜਨਲ ਆਫਿਸ :
ਪਿੰਡ ਰਾਈਆਂ ਕੁਹਾੜਾ ਮਾਛੀਵਾੜਾ
ਰੋਡ ਜ਼ਿਲਾ ਲੁਧਿਆਣਾ
ਫੋਨ : 0161- 2834036, 2834420
ਮੋਬਾਇਲ : 98141-33109


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ, ਕੀਤਾ
ਫੋਨ : 2222543, [illegible]

Namdhari Elibrary Namdharielibrary@gmail.com